ਜਨਵਰੀ 1986

ਮੁੱਲ—ਦੋ ਰੁਪਏ

68

## ਸੰਪਾਦਕੀ ਅਤੇ ਸੰਪਾਦਕੀ ਨੋਟ/ਗੁਰਸ਼ਰਨ ਸਿੰਘ

o **ਸਾਲ 1985** ਬੀਤ ਗਿਆ ਹੈ। ਪੰਜਾਬ ਵਿਚ ਹੋਈਆਂ 1984 ਦੀਆਂ ਘਟਨਾਵਾਂ ਆਪਣਾ ਪਰਛਾਵਾਂ 1985 ਵਿਚ ਵੀ ਪਾਂਦੀਆਂ ਰਹੀਆਂ ਹਨ। ਇਸ ਸਾਲ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਹੱਤਿਆ ਪਿਛਲੇ ਸਾਲਾਂ 'ਚ ਚੱਲ ਰਹੇ ਵਰਤਾਰੇ ਦੀ ਇਕ ਕੜੀ ਸੀ। ਪੰਜਾਬ ਦਾ ਮਾਹੌਲ ਲੌਂਗੋਵਾਲ-ਰਾਜੀਵ ਸਮਝੌਤੇ ਦੇ ਬਾਅਦ ਕੁਝ ਸੁਖਾਲਾ ਜ਼ਰੂਰ ਹੋਇਆ ਹੈ ਭਾਵੇਂ ਇਕਾ ਦੁੱਕਾ ਕਤਲ, ਡਕੈਤੀਆਂ ਅਤੇ ਖੋਹਾਂ ਦੇ ਕੇਸ ਉਸੇ ਤਰ੍ਹਾਂ ਹੋ ਰਹੇ ਹਨ, ਜਿਸ ਤਰ੍ਹਾਂ 1983 ਅਤੇ 1984 ਵਿਚ ਹੁੰਦੇ ਰਹੇ ਹਨ। ਇਤਿਹਾਸ ਲਿਖਣ ਵਾਲਿਆਂ ਲਈ ਇਹ ਸਵਾਲ ਪੈਦਾ ਹੁੰਦਾ ਰਹੇਗਾ ਕਿ ਜਿਹੜਾ 1985 ਵਿਚ ਸਮਝੌਤਾ ਹੋਇਆ, ਇਹ ਪਹਿਲੇ ਕਿਉਂ ਨਹੀਂ ਹੋ ਸਕਦਾ ਸੀ? ਜਵਾਬ ਵਿਚ ਇੰਦਰਾ ਗਾਂਧੀ ਦੀ ਜ਼ਿੱਦੀ ਸਖਸ਼ੀਅਤ, ਸੰਤ ਭਿੰਡਰਾਂ ਵਾਲਾ ਵਰਗੇ ਧਾਰਮਕ ਜਨੂੰਨੀਆਂ ਦੀ ਸਿਆਸਤ ਵਿਚ ਆਮਦ, ਸੰਤ ਲੌਂਗੋਵਾਲ ਦੀ ਪਿਛਲੇ ਸਾਲਾਂ ਵਿਚ ਰਹੀ ਦੁਚਿੱਤੀ ਤੇ ਕਮਜ਼ੋਰ ਲੀਡਰਸ਼ਿਪ, ਦਰਬਾਰਾ ਸਿੰਘ ਵਰਗੇ ਦਰਬਾਰੀਆਂ ਦਾ ਪੰਜਾਬ ਦਾ ਮੁੱਖ ਮੰਤਰੀ ਰਹਿਣਾ ਅਤੇ ਗਿਆਨੀ ਜ਼ੈਲ ਸਿੰਘ ਵਰਗੀ ਝਾੜੂ ਬਰਦਾਰ ਸਖਸ਼ੀਅਤ ਦਾ ਭਾਰਤ ਦਾ ਪ੍ਰਧਾਨ ਹੋਣਾ ਹੈ। ਆਰਥਕ ਸੰਕਟ ਵੀ ਇਕ ਕਾਰਨ ਹੋ ਸਕਦਾ ਹੈ ਅਤੇ ਸੰਸਾਰ ਪੱਧਰ ਤੇ ਦੋ ਵੱਡੀਆਂ ਤਾਕਤਾਂ ਦਾ ਭੇੜ ਵੀ ਕਾਰਨ ਹੋ ਸਕਦਾ ਹੈ। ਪਰ ਇਹ ਪਿਛਲੇ ਦੋਨੋਂ ਕਾਰਨ ਭਾਰਤ ਭਰ ਲਈ ਸਾਂਝੇ ਹਨ। ਪੰਜਾਬ ਲਈ ਕੋਈ ਵੱਖਰੇ ਨਹੀਂ ਹਨ। ਲੋਕਾਂ ਨੂੰ ਉਸ ਭ੍ਰਿਸ਼ਟ ਰਾਜਸੀ ਸਿਸਟਮ ਬਾਰੇ ਪੂਰੀ ਤਰ੍ਹਾਂ ਚੇਤਨ ਕਰਨਾ ਜ਼ਰੂਰੀ ਹੈ, ਜੋ ਇਹਨਾਂ ਸਖਸ਼ੀਅਤਾਂ ਨੂੰ ਅੱਗੇ ਲਿਆਂਦਾ ਹੈ। ਇਹਨਾਂ ਸਖਸ਼ੀਅਤਾਂ ਨੂੰ ਇਤਿਹਾਸ ਵਿਚ ਉਹ ਕਾਲੇ ਹਾਸ਼ੀਏ ਵਾਲੀ ਥਾਂ ਹੀ ਦਿੱਤੀ ਜਾਣੀ ਚਾਹੀਦੀ ਹੈ, ਜਿਸਦੇ ਉਹ ਭਾਗੀ ਹਨ। ਉਹਨਾਂ ਦੀ ਕਿਸੇ ਕਿਸਮ ਦੀ ਯਾਦਗਾਰ ਬਨਾਉਣੀ ਗਲਤੀ ਹੈ, ਉਹ ਪੰਜਾਬ ਦੇ ਸਮੂਹ ਲੋਕਾਂ ਦੇ ਦੋਸ਼ੀ ਹਨ। ਉਹਨਾਂ ਦੇ ਲਗਾਏ ਗਏ ਫੱਟ ਪਤਾ ਨਹੀਂ ਪੰਜਾਬ ਨੂੰ ਹਾਲੇ ਕਿੰਨੀਆਂ ਪੁਸ਼ਤਾਂ ਭੁਗਤਣੇ ਪੈਣੇ ਹਨ।

o **ਜੇਲਾਂ ਤੋਂ ਰਿਹਾ ਹੋਏ ਅਤੇ ਹਾਲੇ ਵੀ ਜੇਲਾਂ ਵਿਚ ਡੱਕੇ ਨੌਜਵਾਨਾਂ ਨੂੰ ਜ਼ਿਦਗੀ ਦੀ ਮੁੱਖ ਧਾਰਾ ਵਿਚ ਵਾਪਸ ਲਿਆਉਣਾ** : ਨਵੰਬਰ ਕ਼ਤਲੇ-ਆਮ ਦੇ ਪੀੜਤਾਂ ਅਤੇ ਨਾਲ ਹੀ ਦਹਿਸ਼ਤਪਸੰਦਾਂ ਦੇ ਹੱਥੋਂ ਹੋਏ ਬੇਗੁਨਾਹਾਂ ਦੇ ਕਤਲ ਦੇ ਪੀੜਤਾਂ ਅਤੇ ਝੂਠੇ ਪੁਲਸ ਮੁਕਾਲਿਆਂ ਵਿਚ ਮਾਰੇ ਗਏ ਨੌਜਵਾਨਾਂ ਦੇ ਰਿਸ਼ਤੇਦਾਰਾਂ ਨੂੰ ਹਰ ਕਿਸਮ ਦੀ ਰਾਹਤ ਦੇਣੀ ਅਕਾਲੀ ਸਰਕਾਰ ਦੀ ਬੜੀ ਵੱਡੀ ਜ਼ਿੰਮੇਵਾਰੀ ਹੈ। ਪਿਛਲੇ ਸਾਲਾਂ ਵਿਚ ਜੋ ਗਲਤ ਵਰਤਾਰਾ ਹੋਇਆ ਹੈ, ਕਾਂਗਰਸ ਦੇ ਨਾਲ ਨਾਲ ਅਕਾਲੀਆਂ ਉਤੇ ਵੀ ਪੂਰੀ ਦੀ ਪੂਰੀ ਜ਼ਿੰਮੇਵਾਰੀ ਲਾਗੂ ਹੁੰਦੀ ਹੈ। ਕਈ ਹਲਕਿਆਂ ਵਿਚ ਇਸ ਗੱਲ ਦੀ ਮੁਖਾਲਫਤ ਕੀਤੀ ਜਾ ਰਹੀ ਹੈ ਕਿ ਜੇਲ ਤੋਂ ਰਿਹਾ ਹੋ ਕੇ ਆਏ ਨੌਜਵਾਨਾਂ ਨੂੰ ਨੌਕਰੀਆਂ ਵਿਚ ਪਹਿਲ ਦੇਣੀ, ਉਹਨਾਂ ਦੀਆਂ ਕੀਤੀਆਂ ਅਤਿਵਾਦੀ ਕਾਰਵਾਈਆਂ ਨੂੰ ਸਹੀ ਕਰਾਰ ਦੇਣ ਦੇ ਬਰਾਬਰ ਹੈ ਪਰ ਕੋਈ ਵੀ ਸੂਝਵਾਨ ਬੰਦਾ ਇਹ ਨਹੀਂ ਚਾਹੇਗਾ ਕਿ ਇਹ ਨੌਜਵਾਨ ਕਿਸੇ ਸਿਆਸੀ ਜਨੂੰਨ ਥੱਲੇ ਕੀਤੀ ਕਿਸੇ ਕਾਰਵਾਈ ਦਾ ਭਾਰ ਸਾਰੀ ਉਮਰ ਆਪਣੇ ਮੋਢਿਆਂ ਤੇ ਚੁੱਕੀ ਰੱਖਣ

## ਇਸ ਅੰਕ ਵਿਚ

o ਸੰਪਾਦਕੀ ਤੇ ਸੰਪਾਦਕੀ ਨੋਟ
o ਜੇਲ੍ਹ ਮੈਨੂਅਲ, ਕੈਦੀਆਂ ਦੀਆਂ ਸਮੱਸਿਆਵਾਂ ਤੇ ਸੁਧਾਰ—ਕੇਂਦਰੀ ਸੁਧਾਰ ਘਰ (ਬਠਿੰਡਾ) ਦੇ ਉਮਰ ਕੈਦੀਆਂ ਵਲੋਂ ਇਕ ਚਿੱਠੀ
ਇਕ ਚਿੱਠੀ/ਅਜੀਤ ਸਿੰਘ ਚੰਦਨ
ਪਾਠਕ ਲੇਖਕ ਫੋਰਮ ; ਲਾਭ ਸਿੰਘ ਖੀਵਾ, ਹਰਜੀਤ ਅਟਵਾਲ (ਜਲੰਧਰ), ਬਲਬੀਰ ਪਰਵਾਨਾ
ਪੁਸਤਕ ਰੀਵੀਊ ; ਹਮਾਇਤੀ/ਸੁਰਜੀਤ ਗਿੱਲ
ਇਕ ਕਵਿਤਾ/ਨਰਭਿੰਦਰ

ਜਦੋਂ ਕਿ ਇਸੇ ਜਨੂੰਨ ਨੂੰ ਜਨਮ ਦੇਣ ਵਾਲੇ ਜ਼ਿੰਮੇਵਾਰ ਲੋਕ ਦਿੱਲੀ ਅਤੇ ਪੰਜਾਬ ਦੀਆਂ ਗੱਦੀਆਂ ਤੇ ਬਿਰਾਜਮਾਨ ਹੋਣ। ਇਹ ਰਾਹਤ ਦੇਣ ਵੇਲੇ ਕਿਸੇ ਕਿਸਮ ਦਾ ਵਿਤਕਰਾ ਨਹੀਂ ਹੋਣਾ ਚਾਹੀਦਾ ਅਤੇ ਇਹ ਕਦੀ ਨਹੀਂ ਭੁੱਲਣਾ ਚਾਹੀਦਾ ਕਿ ਜੂਨ 1984 ਤੋਂ ਬਾਅਦ ਜੇ ਸਿੱਖ ਵਸੋਂ ਤੇ ਫ਼ੌਜ ਅਤੇ ਪੁਲਸ ਵੱਲੋਂ ਜ਼ਿਆਦਤੀਆਂ ਹੋਈਆਂ ਹਨ ਤਾਂ ਜੂਨ 1984 ਤੋਂ ਪਹਿਲਾਂ ਪੰਜਾਬ ਦੀ ਹਿੰਦੂ ਵਸੋਂ ਨੇ ਬੜੀ ਹੀ ਔਖੀ ਅਤੇ ਸਹਿਮ ਵਿਚ ਜ਼ਿੰਦਗੀ ਗੁਜ਼ਾਰੀ ਹੈ ਅਤੇ 400 ਦੇ ਕਰੀਬ ਉਹ ਵੀ ਬੇਗੁਨਾਹ ਮਾਰੇ ਗਏ ਹਨ। ਰਾਹਤ ਵਿਚ ਅਗਰ ਵਿਤਕਰਾ ਕੀਤਾ ਗਿਆ ਤਾਂ ਇਹ ਹਿੰਦੂ ਸਿੱਖ, ਨਫਰਤ ਫੈਲਾਉਣ ਦਾ ਜ਼ਿੰਮੇਵਾਰ ਹੋਵੇਗਾ। ਜੇਲ੍ਹਾਂ ਤੋਂ ਰਿਹਾ ਹੋਏ ਨੌਜਵਾਨਾਂ ਨੂੰ ਜੇਕਰ ਨੌਕਰੀਆਂ ਦੇਣੀਆਂ, ਜਾਂ ਰਾਹਤ ਦੇਣੀ, ਜਿਥੇ ਸਰਕਾਰ ਦਾ ਫਰਜ਼ ਹੈ; ਉਥੇ ਇਹ ਫਰਜ਼ ਨਿਭਾਉਂਦਿਆਂ ਵੇਖਣਾ ਜ਼ਰੂਰੀ ਹੈ ਕਿ ਦੂਜੇ ਸਾਧਾਰਨ ਨੌਜਵਾਨਾਂ ਦਾ ਹੱਕ ਨਾ ਮਰੇ। ਹਰ ਇਕ ਬੇਰੁਜ਼ਗਾਰ ਨੌਜਵਾਨ ਨੂੰ ਰੁਜ਼ਗਾਰ ਦੇਣਾ ਵੀ ਸਰਕਾਰ ਦਾ ਫਰਜ਼ ਹੈ। ਨੌਜਵਾਨਾਂ ਨੂੰ ਵੀ ਚਾਹੀਦਾ ਹੈ ਕਿ ਉਹ ਆਪਸੀ ਵਾਦ-ਵਿਵਾਦ ਵਿਚ ਪੈਣ ਨਾਲੋਂ ਹਰ ਇਕ ਲਈ ਰੁਜ਼ਗਾਰ ਦੀ ਮੰਗ ਉਤੇ ਜ਼ੋਰ ਦੇਣ।

### ਸਤਲੁਜ-ਜਮਨਾ ਨਹਿਰ:

ਰਾਜੀਵ-ਲੌਂਗੋਵਾਲ ਸਮਝੌਤੇ ਵਿਚ ਜੋ ਸ਼ਰਤਾਂ ਤਹਿ ਕੀਤੀਆਂ ਗਈਆਂ ਹਨ, ਉਹ ਕਾਫੀ ਹੱਦ ਤੱਕ ਪੰਜਾਬ ਅਤੇ ਹਰਿਆਣਾ ਦੋਨਾਂ ਦੇ ਹਿੱਤਾਂ ਦੀ ਰਖਵਾਲੀ ਕਰਦੀਆਂ ਹਨ। ਪੰਜਾਬ ਨੂੰ ਜੇਕਰ ਚੰਡੀਗੜ੍ਹ ਦਿੱਤਾ ਗਿਆ ਹੈ, ਤਾਂ ਹਰਿਆਣਾ ਲਈ ਨਵੀਂ ਰਾਜਧਾਨੀ ਬਣਾਉਣ ਲਈ ਇਕ ਵੱਡੀ ਰਕਮ ਰਾਖਵੀਂ ਰੱਖੀ ਗਈ ਹੈ। ਹਰਿਆਣਾ ਦੇ ਕਿਸਾਨਾਂ ਨੂੰ ਸਤਲੁਜ-ਯਮਨਾ ਲਿੰਕ ਨਹਿਰ ਨਾਲ ਪਾਣੀ ਦਿੱਤੇ ਜਾਣਾ ਵੀ ਇਕ ਵਾਜਬ ਗੱਲ ਹੈ। ਇਹ ਪਾਣੀ ਉਂਜ ਵੀ ਦਰਿਆ ਵਿਚ ਜ਼ਾਇਆ ਜਾ ਰਿਹਾ ਸੀ। ਇਹ ਨਹਿਰ ਕੁਝ ਐਸੇ ਇਲਾਕਿਆਂ ਵਿਚੋਂ ਲੰਘਦੀ ਹੈ, ਜਿਥੇ ਬੜੀ ਉਪਜਾਊ ਜ਼ਮੀਨ ਹੈ। ਇਹ ਮਸਲਾ ਮਾਹਿਰਾਂ ਦੀ ਕਮੇਟੀ ਵਿਚ ਹੱਲ ਹੋਣਾ ਚਾਹੀਦਾ ਹੈ। ਜੇ ਉਪਜਾਊ ਜ਼ਮੀਨ ਬਚਾਈ ਜਾ ਸਕਦੀ ਹੈ ਤਾਂ ਬਚਾਉਣੀ ਚਾਹੀਦੀ ਹੈ। ਅਗਰ ਮਾਹਿਰ ਕਹਿੰਦੇ ਹਨ ਕਿ ਇਹ ਨਹੀਂ ਬਚਾਈ ਜਾ ਸਕਦੀ ਤਾਂ ਭਾਵੇਂ ਵਾਜਬ ਤੋਂ ਵੀ ਵੱਧ ਮੁਆਵਜ਼ਾ ਦੇਣਾ ਪਵੇ, ਇਸ ਮਸਲੇ ਨੂੰ ਹੱਲ ਕਰਨਾ ਚਾਹੀਦਾ ਹੈ — ਇਸ ਨਹਿਰ ਨੂੰ ਰੋਕਿਆ ਨਹੀਂ ਜਾਣਾ ਚਾਹੀਦਾ। ਵਿਕਾਸ ਦੀਆਂ ਬੜੀਆਂ ਸਕੀਮਾਂ ਵਿਚ ਭਾਵੇਂ ਉਹ ਕੋਈ ਸੜਕ ਚੌੜੀ ਕਰਨ ਦੀ ਸਕੀਮ ਹੋਵੇ, ਭਾਵੇਂ ਕੋਈ ਨਵਾਂ ਬਸ ਸਟੈਂਡ ਬਨਾਉਣ ਦੀ ਸਕੀਮ ਹੋਵੇ, ਭਾਵੇਂ ਨਹਿਰ ਕੱਢਣ ਦੀ ਸਕੀਮ ਹੋਵੇ, ਕੋਈ ਵੱਡਾ ਹਸਪਤਾਲ ਜਾਂ ਯੂਨੀਵਰਸਿਟੀ, ਕਾਲਜ, ਸਕੂਲ ਬਿਲਡਿੰਗ ਬਣਾਉਣ ਦੀ ਸਕੀਮ ਹੋਵੇ, ਕੁਝ ਨਾ ਕੁਝ ਜ਼ਮੀਨ ਲੈਣੀ ਪੈਂਦੀ ਹੈ। ਸਕੀਮਾਂ ਤਾ ਹੀ ਸਿਰੇ ਚੜ੍ਹ ਸਕਦੀਆਂ ਹਨ। ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਇਹ ਉਪਜਾਊ ਜ਼ਮੀਨ ਨਾ ਹੋਵੇ, ਪਰ ਜੇ ਜ਼ਮੀਨ ਜ਼ਮੀਨ ਲੈਣੀ ਪਵੇ ਤਾਂ ਮੁਆਵਜ਼ਾ ਦੇਣ ਵੇਲੇ ਸਰਕਾਰ ਨੂੰ ਹੱਥ ਨਹੀਂ ਖਿੱਚਣਾ ਚਾਹੀਦਾ। ਭਾਖੜਾ ਡੈਮ ਬਣਿਆ ਤਾਂ ਹਿਮਾਚਲ ਦਾ ਪ੍ਰਸਿੱਧ ਸ਼ਹਿਰ ਬਿਲਾਸਪੁਰ ਪਾਣੀ ਥੱਲੇ ਆ ਗਿਆ। ਪਰ ਭਾਖੜਾ ਡੈਮ ਪ੍ਰਾਜੈਕਟ ਵਲੋਂ ਇਕ ਨਵਾਂ ਬਿਲਾਸਪੁਰ ਸ਼ਹਿਰ ਪਹਾੜੀ ਦੀ ਚੋਟੀ ਉਤੇ ਬਣਾ ਕੇ ਪੁਰਾਣੇ ਬਿਲਾਸਪੁਰ ਦੇ ਸ਼ਹਿਰੀਆਂ ਨੂੰ ਦਿੱਤਾ ਗਿਆ। ਜੋ ਪੁਰਾਣ ਬਿਲਾਸਪੁਰ ਤੋਂ ਚੰਗਾ ਸੀ। ਨਵਾਂ ਨੰਗਲ ਖਾਦ ਫੈਕਟਰੀ ਬਨਾਉਣ ਵੇਲੇ ਵੀ ਫੈਕਟਰੀ ਦੇ ਥੱਲੇ ਆਈ ਜ਼ਮੀਨ ਅਤੇ ਪਿੰਡ ਵਾਲਿਆਂ ਨੂੰ ਚੰਗਾ ਮੁਆਵਜ਼ਾ ਦੇ ਕੇ ਤਸੱਲੀ ਕਰਵਾਈ ਗਈ। ਇਹ ਗੱਲਾਂ ਸਾਰੇ ਲੋਕਾਂ ਨੂੰ ਸਮਝਣੀਆਂ ਚਾਹੀਦੀਆਂ ਹਨ। ਜਿਥੇ ਕਿਸੇ ਵੀ ਗਲਤ ਪੁਲੀਟੀਕਲ ਫੈਸਲੇ ਦੇ ਵਿਰੁੱਧ ਸੰਘਰਸ਼ ਕਰਨਾ ਸਾਡਾ ਫਰਜ਼ ਹੈ, ਉਥੇ ਇਹ ਵੀ ਦੇਖਣਾ ਹੈ ਕਿ ਵਿਕਾਸ ਦੀਆਂ ਸਕੀਮਾਂ ਸਾਲਾਂ ਬੱਧੀ ਖੂਹ ਖਾਤੇ ਵਿਚ ਨਾ ਪੈਣ। ਭਜਨ ਲਾਲ ਵਰਗੇ ਸਿਆਸਤਦਾਨਾਂ (ਅਤੇ ਉਸ ਵਰਗੇ ਸਿਆਸਤਦਾਨਾਂ ਦੀ ਘਾਟ ਪੰਜਾਬ ਵਿਚ ਵੀ ਕੋਈ ਨਹੀਂ) ਦੀ ਇਹ ਕੋਸ਼ਿਸ਼ ਹੋਵੇਗੀ ਕਿ ਹਰਿਆਨਾ-ਪੰਜਾਬ ਦੇ ਲੋਕਾਂ ਵਿਚ ਨਫ਼ਰਤ ਫੈਲਾ ਕੇ ਆਪਣਾ ਉਲੂ ਸਿੱਧਾ ਕਰਨ, ਪਰ ਸਾਡੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਉਹਨਾਂ ਦੀਆਂ ਚਾਲਾਂ ਨੂੰ ਅਸਫਲ ਬਣਾਈਏ ਤੇ ਉਹਨਾਂ ਦੀ ਖੇਡ ਦੇ ਪਾਤਰ ਨਾ ਬਣੀਏ।

### ਝੂਠੇ ਪੁਲਸ ਮੁਕਾਬਲੇ

ਥੈਂਸ ਕਮਿਸ਼ਨ ਨੇ ਅਪਣੀ ਇਕ ਰੀਪੋਰਟ ਵਿਚ ਇਹ ਇੰਕਸ਼ਾਫ਼ ਕੀਤਾ ਹੈ ਕਿ ਪਿਛਲੇ ਸਾਲਾਂ ਵਿਚ 99 ਫ਼ੀਸਦੀ ਪੁਲਸ ਮੁਕਾਬਲੇ ਦੇ ਕੇਸ ਝੂਠੇ ਸਨ। ਮਰਨ ਵਾਲਿਆਂ ਨੂੰ ਪੁਲਸ ਨੇ ਬੰਨ੍ਹ ਕੇ ਮਾਰਿਆ ਹੈ। ਭਾਰਤ ਦੇ ਹਰ ਕਾਨੂੰਨ ਅਨੁਸਾਰ ਇਹ ਪੁਲਸ ਵਾਲੇ ਕਾਤਲ ਹਨ ਅਤੇ ਉਹਨਾਂ ਉਤੇ ਦਫ਼ਾ 302 ਅਨੁਸਾਰ ਮੁਕੱਦਮੇ ਚਲਣੇ ਚਾਹੀਦੇ ਹਨ। ਇਹ ਕਾਤਲ ਪੁਲਸ ਵਾਲੇ ਕਿਸੇ ਕੋਲੋਂ ਛੁਪੇ ਨਹੀਂ ਹੋਏ। ਥੋੜ੍ਹੀ ਜਿਹੀ ਤਫਤੀਸ਼ ਨਾਲ ਇਹਨਾਂ ਦੇ ਸਾਹਮਣੇ ਆ ਸਕਦੇ ਹਨ। ਬਹੁਤ ਸਾਰੇ ਨਾਂ ਤਾਂ ਮਰਨ ਵਾਲਿਆਂ ਦੇ ਰਿਸ਼ਤੇਦਾਰਾਂ ਨੂੰ ਪਤਾ ਵੀ ਹਨ। ਅਗਰ

---

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ, ਕੈਲਾਸ਼ ਕੌਰ—ਗੁਰਸ਼ਰਨ ਸਿੰਘ ਨੇ, ਹਰਮੁੱਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਤੋਂ ਛਪਵਾਇਆ ਅਤੇ ਗੁਰੂ ਖਾਲਸਾ ਨਿਵਾਸ, ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ–143002 ਤੋਂ ਪ੍ਰਕਾਸ਼ਿਤ ਕੀਤਾ।
ਵਾਰਸ਼ਿਕ ਚੰਦਾ 15 ਰੁਪਏ; ਵਿਦੇਸ਼ ਹਵਾਈ ਡਾਕ ਰਾਹੀਂ 120 ਰੁਪਏ

ਤਿੰਨ ਚਾਰ ਹੀ ਇਹੋ ਜਿਹੇ ਪੁਲਸੀਆਂ ਨੂੰ ਫਾਂਸੀ ਦੀ ਸਜ਼ਾ ਹੋ ਜਾਵੇ ਤਾਂ ਇਹ ਪੁਲਸ ਮੁਕਾਬਲਿਆਂ ਦਾ ਝੂਠਾ ਅਤੇ ਜ਼ਾਲਮ ਅਮਲ ਪੁਲਸ ਕਾਰਵਾਈ ਵਿਚੋਂ ਬੰਦ ਹੋ ਸਕਦਾ ਹੈ। ਮੁੱਖ ਮੰਤਰੀ ਬਰਨਾਲਾ ਨੇ ਇਕ ਪ੍ਰਾਈਵੇਟ ਗਲਬਾਤ ਵਿਚ ਇਸ ਗੱਲ ਦਾ ਯਕੀਨ ਦਿਵਾਇਆ ਹੈ ਕਿ ਉਹਨਾਂ ਦੀ ਸਰਕਾਰ ਇਸ ਬਾਰੇ ਬੜੀ ਚੇਤੰਨ ਹੈ। ਜਦੋਂ ਉਹਨਾਂ ਨੂੰ ਇਹ ਗੱਲ ਯਾਦ ਕਰਵਾਈ ਗਈ ਕਿ ਬਾਦਲ ਸਰਕਾਰ ਵੇਲੇ ਇਹੋ ਜਿਹੀਆਂ ਕਾਰਵਾਈਆਂ ਜਾਰੀ ਰਹੀਆਂ ਸਨ ਤਾਂ ਉਹਨਾਂ ਨੇ ਜ਼ੋਰ ਦੇ ਕੇ ਕਿਹਾ ਕਿ ਐਸਾ ਕਦੀ ਵੀ ਨਹੀਂ ਹੋਵੇਗਾ। ਬਰਨਾਲਾ ਅਗਰ ਆਪਣੇ ਕਥਨ ਨੂੰ ਪੂਰਾ ਕਰ ਸਕੇ ਤਾਂ ਇਹ ਉਹਨਾਂ ਦੀ ਵਜ਼ਾਰਤ ਦੀ ਇਕ ਪ੍ਰਾਪਤੀ ਹੋਵੇਗੀ।

### ਜੇਲ੍ਹਾਂ ਵਿਚ ਸੁਧਾਰ

ਬੈਂਸ ਕਮਿਸ਼ਨ ਨੇ ਸਿਆਸੀ ਕੇਸਾਂ ਦਾ ਹੀ ਇਕ ਸਰਵੇਖਣ ਕੀਤਾ ਹੈ। ਉਹਨਾਂ ਨੇ ਇਹ ਸਿੱਟਾ ਕੱਢਿਆ ਹੈ ਕਿ ਬਹੁਤ ਸਾਰੇ ਕੇਸ ਜਿਹੜੇ ਮੋਰਚਾ ਵਰਕਰਾਂ ਉਤੇ ਪਾਏ ਗਏ ਹਨ, ਉਹ ਬਿਲਕੁਲ ਝੂਠੇ ਹਨ। ਉਂਜ ਉਹਨਾਂ ਦੀ ਲੱਭਤ ਕੋਈ ਹੈਰਾਨੀ ਵਾਲੀ ਗੱਲ ਨਹੀਂ, ਕਿਉਂਕਿ ਇਸ ਦੇਸ਼ ਦਾ ਸਾਰਾ ਕਾਨੂੰਨ ਹੀ ਝੂਠ ਨੂੰ ਬੁਨਿਆਦ ਬਣਾਉਂਦਾ ਹੈ। ਕਚਹਿਰੀਆਂ ਵਿਚ ਪੁਲਸ ਵਲੋਂ ਭੁਗ-ਤਾਏ ਝੂਠੇ ਗਵਾਹ ਕਿਸੇ ਵੀ ਜੱਜ ਕੋਲੋਂ ਭੁੱਲੇ ਨਹੀਂ ਹੋਏ ਪਰ ਜੱਜਾਂ ਨੇ ਫੇਰ ਵੀ ਬਹੁਤ ਸਾਰੇ ਬੇਗੁਨਾਹਾਂ ਨੂੰ ਸਜ਼ਾ ਦਿੱਤੀ ਹੋਈ ਹੈ। ਐਮਰਜੈਂਸੀ ਵਿਚ ਜਦੋਂ ਮੈਨੂੰ ਪਕੜਿਆ ਗਿਆ ਤੇ ਮੇਰੇ ਉਤੇ ਇਹ ਕੇਸ ਪਾਇਆ ਗਿਆ ਕਿ ਮੈਂ ਖਾਲੜਾ ਦੇ ਨੇੜੇ ਕੁਝ ਨੌਜਵਾਨਾਂ ਦੀ ਇਹ ਸਿਖਲਾਈ ਕਰ ਰਿਹਾ ਸਾਂ ਕਿ ਪੁਲ ਕਿਸ ਤਰ੍ਹਾਂ ਡਾਇਨਾਮਾਈਟ ਨਾਲ ਉਡਾਏ ਜਾਂਦੇ ਹਨ। ਜੱਜ ਨੇ ਜਦੋਂ ਇਹ ਕੇਸ ਸੁਣਿਆ ਤਾਂ ਮੁਸਕਰਾ ਪਿਆ ਤੇ ਉਸਨੇ ਸਰਕਾਰੀ ਵਕੀਲ ਨੂੰ ਹੌਲੇ ਜਿਹੇ ਕਿਹਾ, 'ਗੁਰਸ਼ਰਨ ਸਿੰਘ ਉਤੇ ਤਾਂ ਇਹ ਕੇਸ ਨਾ ਪਾਉਂਦੇ, ਕੋਈ ਨਾਟਕ ਦਾ ਹੀ ਕੇਸ ਪਾ ਦੇਂਦੇ ਤਾਂ ਤਾਂ ਚੰਗਾ ਹੁੰਦਾ।" ਸਾਰੀਆਂ ਜੇਲ੍ਹਾਂ ਵਿਚ ਜਿਹੜੇ ਇਖ-ਲਾਕੀ ਜੁਰਮਾਂ ਕਰਕੇ ਕੈਦੀ ਹਨ, ਉਹ ਵੀ ਬਹੁਤੇ ਉਹਨਾਂ ਗੁਨਾਹਾਂ ਦੀ ਸਜ਼ਾ ਭੁਗਤ ਰਹੇ ਹਨ, ਜੋ ਉਹਨਾਂ ਨੇ ਕੀਤੇ ਨਹੀਂ ਹੋਏ। ਇਹਨਾਂ ਹਾਲਤਾਂ ਵਿਚ ਇਹ ਜ਼ਰੂਰੀ ਹੈ ਕਿ ਉਹਨਾਂ ਨਾਲ ਜੇਲ੍ਹਾਂ ਵਿਚ ਇਨਸਾਨਾਂ ਵਾਲਾ ਸਲੂਕ ਕੀਤਾ ਜਾਏ। ਸਮਤਾ ਦੇ ਇਸ ਅੰਕ ਵਿਚ ਦਸਤਾਵੇਜ਼ ਛਾਪ ਰਹੇ ਹਾਂ, ਜੋ ਬਠਿੰਡਾ ਦੇ ਕੁਝ ਉਮਰ ਕੈਦੀਆਂ ਨੇ ਜੇਲ੍ਹ ਸੁਧਾਰ ਕਮੇਟੀ ਦੇ ਵਿਚਾਰ ਲਈ ਤਿਆਰ ਕੀਤਾ ਹੈ। ਇਹਨਾਂ ਉਮਰ ਕੈਦੀਆਂ ਵਿਚ ਕੁਝ ਨੇ ਤਿੰਨ ਤਿੰਨ ਐਮ. ਏ. ਪਾਸ ਕੀਤੇ ਹੋਏ ਹਨ, ਕੁਝ ਡਬਲ ਐਮ. ਏ. ਵੀ ਹਨ। ਉਹਨਾਂ ਨੇ ਇਹ ਦਸਤਾਵੇਜ਼ ਆਪਣੇ ਜੇਲ੍ਹ ਵਿਚ ਰਹਿਣ ਦੇ ਆਧਾਰ ਤੇ ਤਿਆਰ ਕੀਤਾ ਹੈ। ਇਹ ਦਸਤਾਵੇਜ਼ ਸਾਰੇ ਦੇਸ਼ ਵਿਚ ਜੇਲ੍ਹ ਸੁਧਾਰਾਂ ਬਾਰੇ ਇਕ 'ਆਧਾਰ ਦਸਤਾਵੇਜ਼' ਬਣਨਾ ਚਾਹੀਦਾ ਹੈ। ਅਦਾਰਾ ਸਮਤਾ ਇਹ ਦਸਤਾਵੇਜ਼ ਸਾਰੇ ਐਮ.ਐਲ.ਏ. ਅਤੇ ਐਮ. ਪੀ. ਤੇ ਹੋਰ ਜ਼ਿੰਮੇਵਾਰ ਅਧਿਕਾਰੀਆਂ ਨੂੰ ਭੇਜਣ ਦਾ ਪ੍ਰਬੰਧ ਕਰ ਰਿਹਾ ਹੈ ਤਾਂ ਜੋ ਇਕ ਸਹੀ ਰਾਏਆਮਾ ਬਣਾਈ ਜਾ ਸਕੇ ਤੇ ਜੇਲ੍ਹ ਵਿਚ ਜ਼ਿੰਦਗੀ ਬਿਤਾ ਰਹੇ ਭਰਾਵਾਂ ਨੂੰ ਠੀਕ ਰਾਹਤ ਮਿਲ ਸਕੇ।

### ਅਕਾਲ ਤਖਤ ਢਾਹ ਕੇ ਮੁੜ ਉਸਾਰਨ ਨਾਲੋਂ ਇਸੇ ਪੈਸੇ ਨਾਲ ਕੋਈ ਹਸਪਤਾਲ ਬਣਾ ਲਵੇ ਤਾਂ ਚੰਗਾ ਹੈ :

ਬਠਿੰਡਾ ਤੋਂ ਬਰਨਾਲਾ ਸਫਰ ਕਰ ਰਿਹਾ ਸਾਂ ਤਾਂ ਨਾਲ ਦੀ ਸੀਟ ਤੇ ਇਕ ਬਜ਼ੁਰਗ ਤੇ ਉਸ ਤੋਂ ਅਗਲੀ ਸੀਟ ਤੇ ਉਹਦਾ ਪੁੱਤਰ ਬੈਠਾ ਸੀ। ਬਠਿੰਡਾ ਦੇ ਕਿਸੇ ਪਿੰਡ ਦੇ ਰਹਿਣ ਵਾਲੇ ਸਨ। ਬਜ਼ੁਰਗ ਨੂੰ ਪੇਸ਼ਾਬ ਦੀ ਤਕਲੀਫ ਸੀ ਤੇ ਉਹਨੇ ਆਪਣੇ ਹੱਥ ਵਿਚ ਪੇਸ਼ਾਬ ਲਈ ਇਕ ਬਰਤਨ ਰੱਖਿਆ ਹੋਇਆ ਸੀ। ਉਹ ਲੁਧਿਆਣਾ ਅਪ੍ਰੇਸ਼ਨ ਕਰਵਾਉਣ ਜਾ ਰਹੇ ਸਨ। ਪੰਜਾਬ ਵਿਚ ਚਾਰ ਹੀ ਹਸਪਤਾਲ ਹਨ, ਜਿਨ੍ਹਾਂ ਵਿਚ ਵੱਡੇ ਅਪ੍ਰੇਸ਼ਨਾਂ ਦੀਆਂ ਸਹੂਲਤਾਂ ਹਨ। ਇਹ ਸਹੂਲਤਾਂ ਅਮ੍ਰਿਤਸਰ, ਲੁਧਿਆਣਾ, ਪਟਿਆਲਾ ਤੇ ਚੰਡੀਗੜ੍ਹ, ਬਠਿੰਡਾ, ਸੰਗਰੂਰ, ਹੁਸ਼ਿਆਰ-ਪੁਰ, ਰੋਪੜ ਆਦਿਕ ਵਿਚ ਕਿਧਰੇ ਨਹੀਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਪਣੇ ਫੰਡ ਨਾਲ ਇਕ ਹਸਪਤਾਲ ਬਣਾਇਆ ਤੇ ਉਹ ਵੀ ਅਮ੍ਰਿਤਸਰ ਵਿਚ ਹੀ, ਜਿਥੇ ਅੱਗੇ ਹੀ ਇਕ ਵੱਡਾ ਹਸਪਤਾਲ ਸੀ। ਇਹ ਹਸਪਤਾਲ ਬਾਹਰ ਕਿਉਂ ਨਹੀਂ ਬਣਾਇਆ ਗਿਆ ? ਇਸਦਾ ਕਾਰਨ ਇਹ ਸੀ ਕਿ ਇਹਦਾ ਪਹਿਲਾ ਡਾਇ-ਰੈਕਟਰ ਅਮ੍ਰਿਤਸਰ ਦਾ ਰਹਿਣ ਵਾਲਾ ਸੀ, ਇਸ ਲਈ ਉਹ ਨਹੀਂ ਚਾਹੁੰਦਾ ਸੀ ਕਿ ਇਹ ਹਸਪਤਾਲ ਬਾਹਰ ਬਣੇ ਤੇ ਉਸ ਨੂੰ ਅਮ੍ਰਿਤਸਰ ਸ਼ਹਿਰ ਛੱਡ ਕੇ ਜਾਣਾ ਪਵੇ। ਬੜੀ ਸਖਤ ਲੋੜ ਹੈ ਕਿ ਵੱਡੇ ਹਸਪਤਾਲ ਜਿਨ੍ਹਾਂ ਵਿਚ ਹਰ ਕਿਸਮ ਦੇ ਅਪ੍ਰੇਸ਼ਨ ਦਾ ਇੰਤਜ਼ਾਮ ਹੋਵੇ, ਏਨੀ ਗਿਣਤੀ ਵਿਚ ਬਣਨ ਕਿ ਕਿਸੇ ਵੀ ਐਮਰਜੈਂਸੀ ਮਰੀਜ਼ ਨੂੰ 4 –50 ਕਿਲੋਮੀਟਰ ਤੋਂ ਵੱਧ ਸਫਰ ਨਾ ਕਰਨਾ ਪਵੇ। ਅਗਰ ਸਰਕਾਰ ਕੋਲ ਪੈਸੇ ਦੀ ਘਾਟ ਹੈ ਤਾਂ ਸ਼੍ਰੋਮਣੀ ਕਮੇਟੀ ਨੂੰ ਇਹੋ ਜਿਹੇ ਕੰਮਾਂ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਤਰ੍ਹਾਂ ਕਰਨਾ ਅਕਾਲ ਤਖਤ ਢਾਹ ਕੇ ਫੇਰ ਉਸਾਰਨ ਨਾਲੋਂ ਬਹੁਤੀ ਗੁਰੂ ਘਰ ਦੀ ਸੇਵਾ ਹੋਵੇਗੀ। ਅਕਾਲ ਤਖਤ ਦਾ ਪਹਿਲੇ ਢਹਿਣਾ ਆਪਣੇ ਆਪ ਵਿਚ ਇਕ ਵੱਡਾ ਦੁਖਾਂਤ ਸੀ ਤੇ ਇਸ ਦੁਖਾਂਤ ਦੇ ਜ਼ਿੰਮੇਵਾਰ ਲੋਕਾਂ ਨੇ ਇਹਦੀ ਸਜ਼ਾ ਵੀ ਪਾ

ਲਈ ਹੈ। ਹੁਣ ਜਜ਼ਬਾਤੀ ਹੋ ਕੇ ਇਕ ਖੜੀ ਇਮਾਰਤ ਨੂੰ ਸਿਰਫ ਇਸ ਲਈ ਢਾਹੁਣਾ ਕਿ ਇਹਨੂੰ ਬਨਾਉਣ ਵਿਚ ਸ਼ਰੀਕਾਂ ਦਾ ਹੱਥ ਲੱਗਿਆ ਹੈ, ਕੋਈ ਅਕਲਮੰਦੀ ਨਹੀਂ। ਭਾਖੜਾ ਡੈਮ ਤੇ ਕੰਮ ਕਰ ਰਹੇ ਇਕ ਇੰਜੀਨੀਅਰ ਜੋ ਇਸ ਮੁੜ ਉਸਾਰੀ ਨਾਲ ਸਬੰਧਤ ਰਿਹਾ ਹੈ, ਦਾ ਕਹਿਣਾ ਹੈ ਕਿ ਅਕਾਲ ਤਖਤ ਦੀ ਮੁੜ ਉਸਾਰੀ ਪੂਰੀ ਸ਼ਰਧਾ ਨਾਲ ਕੀਤੀ ਗਈ ਹੈ। ਕਾਹਲੀ ਵਿਚ ਕੋਈ ਫੈਸਲਾ ਲੈ ਕੇ ਐਵੇਂ ਪੈਸਾ ਅਤੇ ਸ਼ਕਤੀ ਬਰਬਾਦ ਨਹੀਂ ਕਰਨੀ ਚਾਹੀਦੀ। ਇਹੋ ਪੈਸਾ ਤੇ ਸ਼ਕਤੀ ਹੋਰ ਭਲਾਈ ਦੇ ਕੰਮ ਤੇ ਖਰਚਿਆ ਜਾ ਸਕਦਾ ਹੈ।

## ○ ਆਂਧਰਾ ਦਾ ਪਖੰਡੀ ਮੁਖ ਮੰਤਰੀ

ਐਨ.ਟੀ. ਰਾਮਾ ਰਾਓ ਜੋ ਆਂਧਰਾ ਦਾ ਮੁੱਖ ਮੰਤਰੀ ਹੈ, ਇਕ ਪ੍ਰਸਿਧ ਫਿਲਮ ਐਕਟਰ ਹੈ ਅਤੇ ਤੇਲਗੂ ਫਿਲਮਾਂ ਵਿਚ ਉਹ ਆਮ ਤੌਰ ਤੇ ਰਾਮ ਦੀ ਭੂਮਿਕਾ ਨਿਭਾਉਂਦਾ ਰਿਹਾ ਹੈ। ਆਪਣੇ ਇਸ ਪ੍ਰਭਾਵ ਦਾ ਲਾਭ ਉਠਾਉਂਦੇ ਹੋਏ ਉਹਨੇ 'ਤੇਲਗੂ ਦੇਸਮ' ਪਾਰਟੀ ਬਣਾ ਕੇ ਆਂਧਰਾ ਵਿਚ ਤਾਕਤ ਹਾਸਿਲ ਕੀਤੀ। ਇਕ ਹੋਰ ਵੀ ਕਾਰਨ ਸੀ ਕਿ ਆਂਧਰਾ ਦੇ ਲੋਕ ਕਾਂਗਰਸ ਦੇ ਕਪਟੀ ਰਾਜ ਤੋਂ ਤੰਗ ਆ ਚੁੱਕੇ ਸਨ। ਪਰ ਪਿਛਲੇ ਤਿੰਨ ਚਾਰ ਸਾਲ ਦੇ ਤਜਰਬੇ ਨੇ ਲੋਕਾਂ ਨੂੰ ਦਸ ਦਿਤਾ ਹੈ ਕਿ ਮੁੱਖ ਮੰਤਰੀ ਇਕ ਪਖੰਡੀ ਰਾਮ ਤੋਂ ਸਿਵਾ ਹੋਰ ਕੁਝ ਨਹੀਂ। ਉਂਝ ਉਹ ਭਗਵੇ ਕਪੜੇ ਪਾਉਂਦਾ ਹੈ ਅਤੇ ਮੱਥੇ ਤੇ ਬੜਾ ਵੱਡਾ ਤਿਲਕ ਲਗਾਉਂਦਾ ਹੈ ਪਰ ਉਸਦੀਆਂ ਸਾਰੀਆਂ ਕਰਨੀਆਂ ਇਕ ਫ਼ਾਸ਼ੀ ਡਿਕਟੇਟਰ ਦੇ ਸਿਵਾ ਹੋਰ ਕੁਝ ਨਹੀਂ। ਪਿਛਲੇ ਸਾਲ ਜਦੋਂ ਉਸਦੀ ਮਨਿਸਟਰੀ ਇੰਦਰਾ ਗਾਂਧੀ ਵਲੋਂ ਬਰਖਾਸਤ ਕੀਤੀ ਗਈ ਸੀ ਤਾਂ ਦੇਸ਼ ਭਰ ਦੀਆਂ ਜਮਹੂਰੀ ਸ਼ਕਤੀਆਂ ਨੇ ਇਹਦੇ ਵਿਰੁਧ ਆਵਾਜ਼ ਉਠਾਈ ਸੀ। ਪੰਜਾਬ ਵਿਚ ਵੀ ਇਹਦੇ ਬਾਰੇ ਕਨਵੈਨਸ਼ਨਾਂ ਹੋਈਆਂ ਸਨ। ਉਸ ਵੇਲੇ ਸਾਨੂੰ ਆਂਧਰਾ ਦੇ ਕੁਝ ਦੋਸਤਾਂ ਨੇ ਚਿੱਠੀਆਂ ਲਿਖੀਆਂ ਸਨ ਕਿ ਸਾਨੂੰ ਰਾਮਾ ਰਾਓ ਦੇ ਖੂਨੀ ਹੱਥ ਪਛਾਨਣ ਵਿਚ ਗਲਤੀ ਨਹੀਂ ਕਰਨੀ ਚਾਹੀਦੀ। ਇਹ ਖੂਨੀ ਹੱਥ ਬਿਲਕੁਲ ਹੁਣ ਸ਼ਪਸ਼ਟ ਹੋ ਗਏ ਹਨ। ਇਸ ਤਿਲਕਧਾਰੀ ਮੁੱਖ ਮੰਤਰੀ ਨੇ ਖੁਲ੍ਹੇਆਮ ਸੰਘਰਸ਼ ਕਰਦੇ ਅਵਾਮ ਦੇ ਨੰਗੇ ਚਿੱਟੇ ਕਤਲਾਂ ਲਈ ਆਪਣੀ ਪੁਲਸ ਨੂੰ ਹਰੀ ਝੰਡੀ ਦੇ ਦਿੱਤੀ ਹੈ। ਝੂਠੇ ਪੁਲਸ ਮੁਕਾਬਲਿਆਂ ਤੋਂ ਇਲਾਵਾ ਇਹਦੀ ਹੁਣ ਨਵੀਂ ਕਾਢ ਇਹ ਹੈ ਕਿ ਹਵਾਲਾਤ ਵਿਚ ਹੀ ਕੈਦੀ ਨੂੰ ਕੁੱਟ ਕੁੱਟ ਕੇ ਮਾਰ ਦਿਓ ਤੇ ਫੇਰ ਏਲਾਨ ਕਰ ਦਿਓ ਕਿ ਕੈਦੀ ਨੇ ਆਤਮ ਹਤਿਆ ਕਰ ਲਈ ਹੈ ਜਾਂ ਇਹਦਾ ਦਿਲ ਫੇਲ੍ਹ ਹੋਣ ਕਰਕੇ ਮੌਤ ਹੋ ਗਈ ਹੈ। ਆਂਧਰਾ ਵਿਚ ਜਮਹੂਰੀ ਹੱਕਾਂ ਦੇ ਅਲੰਬਰਦਾਰ ਡਾਕਟਰ ਰਾਮਾਨਾਥਨ ਦਾ ਸਰੇ-ਬਾਜ਼ਾਰ ਕਤਲ ਕਰਨ ਤੋਂ ਬਾਅਦ ਹੁਣ ਇਹ ਖੂਨੀ ਹੱਥ ਡਾਕਟਰ ਬਾਲਾਰਾਓ ਦੇ ਮਗਰ ਹੈ। ਇਹਨੇ ਹੁਣ ਜਮਹੂਰੀ ਹੱਕਾਂ ਦੀ ਇਕ 'ਹਿਟ ਲਿਸਟ' ਬਣਾਈ ਹੋਈ ਹੈ। ਇਸ ਪਖੰਡੀ ਦੇ ਵਿਰੁੱਧ ਆਵਾਜ਼ ਉਠਾਉਣੀ ਸਾਰੇ ਦੇਸ਼ ਦੀਆਂ ਜਮਹੂਰੀ ਤਾਕਤਾਂ ਦਾ ਫਰਜ਼ ਹੈ। ਪਤਾ ਲੱਗਾ ਹੈ ਕਿ ਇਹ ਪਾਖੰਡੀ ਪੰਜਾਬ ਸਰਕਾਰ ਦੇ ਸੱਦੇ ਤੇ ਕਿਸੇ ਸਮਾਗਮ ਤੇ ਚੰਡੀਗੜ੍ਹ ਆ ਰਿਹਾ ਹੈ। ਜੇ ਇਹ ਪੰਜਾਬ ਆਵੇ ਤਾਂ ਇਹਦਾ ਸਵਾਗਤ ਉਸੇ ਤਰ੍ਹਾਂ ਹੀ ਹੋਣਾ ਚਾਹੀਦਾ ਹੈ ਜੋ ਕਰਨਾਟਕ ਦੇ ਸ਼ਹਿਰ ਹੁਬਲੀ ਵਿਚ ਹੋਇਆ, ਜਿਥੇ ਇਹਦੀ ਇਕ ਧੀ ਵਿਆਹੀ ਹੋਈ ਹੈ। ਸ਼ਹਿਰ ਵਿਚ ਥਾਂ ਥਾਂ ਤੇ ਇਹ ਨਾਅਰੇ ਲਿਖੇ ਹੋਏ ਸਨ—ਪਖੰਡੀ ਸਾਧੂ ਵਾਪਸ ਜਾਓ, ਤੇਰੇ ਹੱਥ ਬੇਗੁਨਾਹਾਂ ਦੇ ਲਹੂ ਨਾਲ ਲਿਬੜੇ ਹਨ।

## ਮੇਹਨਤਕਸ਼ ਲੋਕਾਂ ਨਾਲ ਹਿਦੋਸਤਾਨ ਭਰ ਵਿਚ ਵਿਤਕਰਾ ਹੋ ਰਿਹਾ ਹੈ

ਪਿਛਲੇ ਮਹੀਨੇ ਮੈਨੂੰ ਆਪਣੀ ਨਾਟਕ ਟੀਮ ਨਾਲ ਯੂ. ਪੀ. ਅਤੇ ਭੂਪਾਲ ਜਾਣ ਦਾ ਮੌਕਾ ਮਿਲਿਆ ਹੈ। ਯੂ. ਪੀ. ਦੇ ਸ਼ਹਿਰ ਗੌਂਡਾ ਵਿਚ ਜਿਥੇ ਮੈਂ ਪ੍ਰੋਗਰਾਮ ਕਰ ਰਿਹਾ ਸੀ, ਉਹ ਇਕ ਅਨਾਜ ਮੰਡੀ ਦਾ ਵਿਹੜਾ ਸੀ। ਉਥੇ ਵੀ ਕਿਸਾਨ ਇਕ ਧਰਨਾ ਲਗਾਕੇ ਬੈਠੇ ਹੋਏ ਸਨ ਕਿ ਉਹਨਾਂ ਦੀ ਲਿਆਂਦੀ ਧਾਨ ਦੀ ਫਸਲ ਨੂੰ ਆੜ੍ਹਤੀਆਂ ਅਤੇ ਸਰਕਾਰੀ ਇੰਸਪੈਕਟਰਾਂ ਹੱਥੋਂ ਬੇਪੱਤ ਹੋਣ ਤੋਂ ਬਚਾਇਆ ਜਾਏ। ਯੂ. ਪੀ. ਬਾਰੇ ਇਹ ਕਿਹਾ ਜਾਂਦਾ ਹੈ ਕਿ ਇਹ ਭਾਰਤ ਦੇ ਹਾਕਮਾਂ ਦਾ ਪ੍ਰਾਂਤ ਹੈ, ਪਰ ਇਸ ਹਾਕਮ ਪ੍ਰਾਂਤ ਵਿਚ ਵੀ ਕਿਸਾਨ ਉਸੇ ਤਰ੍ਹਾਂ ਲੁੱਟੇ ਜਾ ਰਹੇ ਹਨ, ਜਿਸ ਤਰ੍ਹਾਂ ਬਾਕੀ ਦੇਸ਼ ਵਿਚ। ਸੱਚ ਇਹ ਹੈ ਕਿ ਮੇਹਨਤਕਸ਼ ਅਵਾਮ ਭਾਰਤ ਵਿਚ ਹਰ ਥਾਂ ਲੁਟਿਆ ਜਾ ਰਿਹਾ ਹੈ। ਲੋੜ ਹੈ ਕਿ ਭਾਰਤ ਭਰ ਦੇ ਮੇਹਨਤਕਸ਼ ਅਵਾਮ ਇਸ ਲੁੱਟ ਦੇ ਵਿਰੁੱਧ ਇਕ ਸਰਬ ਵਿਆਪਕ ਸੰਘਰਸ਼ ਚਲਾਉਣ। ਇਸਨੂੰ ਕਿਸੇ ਇਕ ਪ੍ਰਾਂਤ ਵਿਰੁਧ ਵਿਤਕਰੇ ਦਾ ਨਾਅਰਾ ਦੇ ਕੇ ਆਪਸੀ ਫਰਕ ਨਾ ਪਾਉਣ। ਭੂਪਾਲ ਵਿਚ ਵੀ ਇਸੇ ਤਰ੍ਹਾਂ ਅੰਤਾਂ ਦੀ ਗਰੀਬੀ ਦੇ ਦ੍ਰਿਸ਼ ਵੇਖਣ ਨੂੰ ਮਿਲੇ। ਇਸ ਸਾਰੇ ਨਿਜ਼ਾਮ ਵਿਚ ਗਰੀਬ ਆਦਮੀ ਲੁਟਿਆ ਜਾ ਰਿਹਾ ਹੈ। ਯੂਨੀਅਨ ਕਾਰਬਾਈਡ ਵਾਲਿਆਂ ਨੇ ਅਮਰੀਕਾ ਤੋਂ ਚੱਲਕੇ ਆਪਣੀ ਜ਼ਹਿਰੀਲੀ ਗੈਸ ਦੀ ਫੈਕਟਰੀ ਭਾਰਤ ਵਿਚ ਤਾਂ ਹੀ ਲਾਈ, ਕਿਉਂਕਿ ਉਹਨਹੀਂ ਸਨ ਚਾਹੁੰਦੇ ਕਿ ਅਮਰੀਕਾ ਦੇ ਖਾਂਦੇ ਪੀਂਦੇ ਲੋਕ ਜ਼ਹਿਰੀਲੀ ਗੈਸ ਦੇ ਅਸਰ ਥੱਲੇ ਆਉਣ। ਭਾਰਤ ਵਿਚ ਵੀ ਮੱਧ ਪ੍ਰਦੇਸ ਵਿਚ ਇਹ ਫੈਕਟਰੀ ਇਸ ਲਈ ਲੱਗੀ, ਕਿਉਂਕਿ ਇਥੇ ਮਜ਼ਦੂਰ ਦੀ ਮੇਹਨਤ ਸਸਤੀ ਹੈ। ਮੱਧ ਪ੍ਰਦੇਸ਼ ਵਿਚ ਇਹ ਫੈਕਟਰੀ ਭੂਪਾਲ ਲੱਗੀ, ਕਿਉਂਕਿ ਇਥੇ

ਪੂੰਜੀਪਤੀਆਂ ਦੀ ਭਾਈਵਾਲੀ ਸੌਖੀ ਮਿਲਦੀ ਸੀ ਅਤੇ ਭੂਪਾਲ ਵਿਚ ਵੀ ਇਹ ਫੈਕਟਰੀ ਨਵੇਂ ਭੂਪਾਲ ਦੇ ਨੇੜੇ ਨਹੀਂ ਲੱਗੀ, ਕਿਉਂਕਿ ਉਥੇ ਮੱਧ ਪ੍ਰਦੇਸ਼ ਦੇ ਵਜ਼ੀਰ ਤੇ ਹੋਰ ਵੱਡੇ ਅਫ਼ਸਰ ਤੇ ਅਮੀਰ ਬੰਦੇ ਰਹਿੰਦੇ ਹਨ। ਉਹਨਾਂ ਨੂੰ ਜ਼ਹਿਰੀਲੀ ਗੈਸ ਤੋਂ ਪਰ੍ਹੇ ਰੱਖਣਾ ਜ਼ਰੂਰੀ ਸੀ। ਇਹ ਫੈਕਟਰੀ ਲੱਗੀ, ਪੁਰਾਣੇ ਭੂਪਾਲ ਵਿਚ, ਜਿਥੇ ਗ਼ਰੀਬਾਂ ਦੀਆਂ ਬਸਤੀਆਂ ਹਨ। ਗੈਸ ਨਾਲ ਮਰਨ ਵਾਲੇ ਸਾਰੇ ਲੋਕ ਵੀ ਗ਼ਰੀਬ ਹੀ ਸਨ। ਅਗਰ ਪੰਜਾਬ ਦੇ ਲੋਕ ਕੇਂਦਰ ਦੀ ਤਾਨਾਸ਼ਾਹੀ ਕੋਲੋਂ ਤੰਗ ਹਨ ਤੇ ਦੂਜੇ ਸੂਬਿਆਂ ਦੇ ਲੋਕ ਵੀ ਕੋਈ ਤਖ਼ਤ ਤੇ ਨਹੀਂ ਬੈਠੇ ਹੋਏ। ਸਾਡੇ ਸਾਰੇ ਸੂਝਵਾਨ ਲੋਕਾਂ ਦਾ ਅਤੇ ਵਿਸ਼ੇਸ਼ ਕਰਕੇ ਜਿਹੜੇ ਕਮਿਊਨਿਸਟ ਵਿਚਾਰਧਾਰਾ ਦੇ ਅਲੰਬਰਦਾਰ ਹਨ, ਉਨ੍ਹਾਂ ਨੂੰ ਸਿਰਫ਼ ਪੰਜਾਬੀ ਕੌਮ ਦੀ ਮੁਕਤੀ ਨੂੰ ਆਪਣਾ ਮੁੱਖ ਪ੍ਰੋਗਰਾਮ ਨਹੀਂ ਬਨਾਉਣਾ ਚਾਹੀਦਾ, ਸਗੋਂ ਸਾਰੇ ਭਾਰਤ ਦੇ ਮਿਹਨਤਕਸ਼ ਲੋਕਾਂ ਦੀ ਮੁਕਤੀ ਲਈ ਆਪਣਾ ਨਿਸ਼ਾਨਾ ਸੇਧਤ ਕਰਨਾ ਚਾਹੀਦਾ ਹੈ। ਇਲਾਕਾਈ ਖ਼ੁਦਮੁਖ਼ਤਿਆਰੀ ਲਈ ਲੜਨਾ ਇਕ ਨਾਅਰਾ ਹੋ ਸਕਦਾ ਹੈ। ਇਲਾਕਾਈ ਬੁਰਜੂਆ ਸਿਆਸਤਦਾਨਾਂ ਤੇਲਗੂ ਦੇਸਮ, ਅਕਾਲੀਆਂ ਆਦਿਕ ਲਈ ਇਹ ਮੁੱਖ ਨਾਅਰਾ ਵੀ ਹੋ ਸਕਦਾ ਹੈ, ਪਰ ਕਮਿਊਨਿਸਟਾਂ ਲਈ ਸਮੁੱਚੇ ਦੇਸ਼ ਵਿਚ ਅਤੇ ਸਮੁੱਚੇ ਸਮਾਜ ਵਿਚ ਸਮਾਜਕ ਅਨਿਆਂ ਦੇ ਵਿਰੁੱਧ ਸੰਘਰਸ਼ ਕਰਨਾ ਹੀ ਮੁੱਖ ਉਦੇਸ਼ ਅਤੇ ਮੁੱਖ ਕੰਮ ਹੋਣਾ ਚਾਹੀਦਾ ਹੈ। ਹੋਰ ਕੋਈ ਨਾਅਰਾ ਦੇਣਾ ਅਪਣੀ ਸੀਮਤ ਸ਼ਕਤੀ ਨੂੰ ਜ਼ਾਇਆ ਕਰਨ ਦੇ ਬਰਾਬਰ ਹੈ। ਗੁਰਸ਼ਰਨ ਸਿੰਘ

---

ਪ੍ਰੈਸ ਨੋਟ :

## ਪੀ. ਐਸ. ਯੂ. ਦੇ ਸਾਬਕਾ ਆਗੂਆਂ ਦਾ ਵਿਦਿਆਰਥੀਆਂ ਲਈ ਸੁਨੇਹਾ

ਅਸੀਂ ਪੰਜਾਬ ਸਟੂਡੈਂਟਸ ਯੂਨੀਅਨ (ਏ. ਆਈ. ਆਰ. ਐਸ. ਐਫ.) ਦੀ ਲੀਡਰਸ਼ਿਪ ਦੇ ਇਕ ਹਿੱਸੇ ਵਲੋਂ ਸਿੱਖ ਸਟੂਡੈਂਟਸ ਫੈਡਰੇਸ਼ਨ ਜਿਹੀ ਫਿਰਕੂ ਜਥੇਬੰਦੀ ਨਾਲ ਕੀਤੇ ਗਏ ਗੱਠਜੋੜ ਦੀ ਸਖ਼ਤ ਨਖੇਧੀ ਕਰਦੇ ਹਾਂ।

ਅਸੀਂ ਵੱਖ-ਵੱਖ ਸਮਿਆਂ ਤੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੂਬਾਈ ਆਗੂ ਰਹੇ ਹਾਂ। ਸਾਨੂੰ ਇਸ ਗੱਲ ਨੇ ਬੇਹੱਦ ਦੁੱਖ ਪਹੁੰਚਾਇਆ ਹੈ ਕਿ ਪੰਜਾਬ ਸਟੂਡੈਂਟਸ ਯੂਨੀਅਨ ਦੀ ਮੌਜੂਦਾ ਲੀਡਰਸ਼ਿਪ ਦਾ ਇਕ ਹਿੱਸਾ ਇਸ ਜਥੇਬੰਦੀ ਦੀਆਂ ਲੰਬੇ ਸਮੇਂ 'ਚ ਪ੍ਰਵਾਨ ਚੜ੍ਹੀਆਂ ਨੀਤੀਆਂ, ਜਮਹੂਰੀ, ਇਨਕਲਾਬੀ ਤੇ ਲੋਕ-ਪੱਖੀ ਸ਼ਾਨ-ਦਾਰ ਰਵਾਇਤਾਂ ਨੂੰ ਪੈਰਾਂ ਹੇਠ ਦਰੜ ਕੇ, ਇਕ ਅਤਿ ਘ੍ਰਿਣਤ ਫਾਸ਼ੀ ਗਰੋਹ ਨਾਲ ਸਾਂਝੀ ਭਿਆਲੀ ਪਾਉਣ ਦੀ ਹੱਦ ਤੱਕ ਜਾ ਗਿਰਿਆ ਹੈ।

ਪੰਜਾਬ ਸਟੂਡੈਂਟਸ ਯੂਨੀਅਨ ਹਮੇਸ਼ਾਂ ਲੋਕ ਦੋਖੀ, ਗੈਰ-ਜਮਹੂਰੀ ਤੇ ਫਿਰਕੂ ਤਾਕਤਾਂ ਵਿਰੁੱਧ ਲੋਹਾ ਲੈਂਦੀ ਰਹੀ ਹੈ। ਇਸ ਲੰਬੀ ਜਦੋ-ਜਹਿਦ ਸਦਕਾ, ਪੰਜਾਬ ਦੀ ਵਿਦਿਆਰਥੀ ਲਹਿਰ 'ਚ ਇਸ ਦੀ ਇਕ ਵਿਸ਼ੇਸ਼ ਤੇ ਨਵੇਕਲੀ ਦਿਖ ਬਣ ਚੁੱਕੀ ਹੈ। ਪੰਜਾਬ ਸਟੂਡੈਂਟਸ ਯੂਨੀਅਨ ਨੇ ਅਨੇਕਾਂ ਘਾਲਣਾਵਾਂ ਘਾਲ ਕੇ ਪੰਜਾਬ ਦੇ ਵਿੱਦਿਅਕ ਅਦਾਰਿਆਂ 'ਚ ਜਮਹੂਰੀ ਚੇਤਨਾ ਦਾ ਪਸਾਰਾ ਕੀਤਾ ਅਤੇ ਇਨ੍ਹਾਂ ਨੂੰ ਹਰ ਕਿਸਮ ਦੇ ਪਿਛਾਖੜੀ ਤੇ ਫਿਰਕੂ ਅਨਸਰਾਂ ਤੋਂ ਪਾਕ ਰਖਿਆ। ਇਹ ਪੰਜਾਬ ਸਟੂਡੈਂਟਸ ਯੂਨੀਅਨ ਦੇ ਇਸ ਰੋਲ ਸਦਕਾ ਹੀ ਸੀ ਕਿ ਜੇ.ਪੀ. ਲਹਿਰ ਵਰਗੀਆਂ ਹਨ੍ਹੇਰੀਆਂ ਮੌਕੇ ਵੀ ਪੰਜਾਬ ਦੀ ਵਿਦਿਆਰਥੀ ਲਹਿਰ ਸਾਬਤ ਕਦਮ ਰਹੀ ਤੇ ਉਹ ਪਿਛਾਖੜੀਆਂ ਦੀ ਝੋਲੀ ਵਿਚ ਨਹੀਂ ਡਿੱਗੀ।

ਸਿੱਖ ਸਟੂਡੈਂਟਸ ਫੈਡਰੇਸ਼ਨ ਨਾ ਸਿਰਫ਼ ਇਕ ਫਿਰਕੂ ਲੀਹਾਂ ਤੇ ਉਸਾਰੀ ਜਥੇਬੰਦੀ ਹੈ ਤੇ ਵਿਦਿਆਰਥੀਆਂ ਨੂੰ ਫਿਰਕੂ ਲੀਹਾਂ ਤੇ ਵੰਡਣ ਦਾ ਵਸੀਲਾ ਬਣਦੀ ਹੈ, ਸਗੋਂ ਇਹ ਅਗਾਂਹ ਵਧੂ ਵਿਦਿਆਰਥੀਆਂ, ਜਥੇਬੰਦੀਆਂ ਨਾਲ ਇੱਟ ਕੁੱਤੇ ਦਾ ਵੈਰ ਵੀ ਪਾਲਦੀ ਆਈ ਹੈ। ਅਗਾਂਹਵਧੂ ਸੋਚਣੀ ਨਾਲ ਇਹਦਾ ਸਿਰ ਵੱਢਵਾਂ ਵੈਰ ਰਿਹਾ ਹੈ। ਪੰਜਾਬ ਸਟੂਡੈਂਟਸ ਯੂਨੀਅਨ ਦੇ ਮਹਿਬੂਬ ਆਗੂ ਪ੍ਰਿਥੀਪਾਲ ਸਿੰਘ ਰੰਧਾਵਾ ਦਾ ਵਹਿਸ਼ੀ ਕਤਲ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਖ਼ੂਨੀ ਕਿਰਦਾਰ ਦੀ ਉਘੜਵੀਂ ਉਦਾਹਰਣ ਹੈ। ਪੰਜਾਬ ਦੀ ਫਿਜ਼ਾ 'ਚ ਫਿਰਕੂ ਜ਼ਹਿਰ ਭਰਨ ਲਈ ਜੋ ਰੋਲ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਨਿਭਾਇਆ ਉਹ ਕਿਸੇ ਤੋਂ ਗੁੱਝਾ ਨਹੀਂ। ਅਨੇਕਾਂ ਬੇਗੁਨਾਹਾਂ, ਮਰਦਾਂ ਔਰਤਾਂ ਬੱਚਿਆਂ, ਲੋਕ ਪੱਖੀ ਪੱਤਰ-ਕਾਰਾਂ ਦੇ ਕਾਤਲ ਏਸ ਜਥੇਬੰਦੀ ਦੀ ਬੁੱਕਲ 'ਚ ਸਿਰ ਛੁਪਾਈ ਬੈਠੇ ਹਨ।

ਅਜਿਹੀ ਫਿਰਕੂ ਜਥੇਬੰਦੀ ਨਾਲ ਸਾਂਝ ਭਿਆਲੀ ਪਾ ਕੇ ਪੰਜਾਬ ਸਟੂਡੈਂਟਸ ਯੂਨੀਅਨ ਦੀ ਮੌਜੂਦਾ ਲੀਡਰ-ਸ਼ਿਪ ਦੇ ਇਕ ਹਿੱਸੇ ਨੇ ਸਿਰਫ਼ ਪੰਜਾਬ ਸਟੂਡੈਂਟਸ ਯੂਨੀਅਨ ਦੇ ਸ਼ਾਨਾਂ-ਮੱਤੇ ਇਤਿਹਾਸ ਨੂੰ ਹੀ ਕਲੰਕਿਤ ਨਹੀਂ ਕੀਤਾ ਸਗੋਂ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਲੋਕ-ਦੋਖੀ ਕਾਰਨਾਮਿਆਂ ਤੇ ਪਰਦਾ ਪਾਉਣ ਦਾ ਬੱਜਰ ਗੁਨਾਹ ਕੀਤਾ ਹੈ। ਉਨ੍ਹਾਂ ਨੂੰ ਕੋਈ ਹੱਕ ਨਹੀਂ ਕਿ ਉਹ ਪੰਜਾਬ ਦੇ ਵਿਦਿਆਰਥੀ ਵਰਗ ਅਤੇ ਪੰਜਾਬ ਸਟੂਡੈਂਟਸ ਯੂਨੀਅਨ ਦੇ ਸੈਂਕੜੇ ਵਰਕਰਾਂ ਵਲੋਂ ਅਣਗਿਣਤ ਕੁਰਬਾਨੀਆਂ ਦੇ ਕੇ ਪਾਲੀ ਪੋਸੀ ਅਤੇ ਪ੍ਰਵਾਨ ਚੜ੍ਹਾਈ ਇਸ ਮਹਾਨ ਜਥੇਬੰਦੀ ਦੇ ਨਾਂ, ਵਕਾਰ ਤੇ ਸੂਹੇ ਝੰਡੇ ਨੂੰ ਉਨ੍ਹਾਂ ਹੀ ਪਿਛਾਖੜੀ ਤਾਕਤਾਂ ਦੀ ਜਾ ਝੋਲੀ ਪਾਉਣ, ਜਿਹਨਾਂ ਨਾਲ

ਇਹਦਾ, ਮੁਢੋਂ ਵੈਰ ਚਲਦਾ ਆਇਆ ਹੈ ਤੇ ਜਿਹਨਾਂ ਦੀਆਂ ਅੱਖਾਂ 'ਚ ਇਹ ਰੋੜ ਬਣ ਕੇ ਰੜਕਦੀ ਰਹੀ ਹੈ।

ਜਸਪਾਲ ਜੱਸੀ—1975 ਤੋਂ 1982 ਤੱਕ ਸੂਬਾ ਕਮੇਟੀ ਮੈਂਬਰ। ਐਮਰਜੈਂਸੀ ਦੌਰਾਨ ਜਨਰਲ ਸਕੱਤਰ ਪੀ.ਐਸ.ਯੂ. ਦੇ ਸਿਧਾਂਤਕ ਤਰਜਮਾਨ 'ਵਿਦਿਆਰਥੀ' ਅਤੇ ਖਬਰਨਾਮੇ 'ਜੈ ਸੰਘਰਸ਼' ਦਾ ਸੰਪਾਦਕ।

ਨਰਿੰਦਰ ਚਾਹਿਲ—1974 ਤੋਂ 1979 ਤੱਕ ਸੂਬਾ ਕਮੇਟੀ ਮੈਂਬਰ। ਖਬਰਨਾਮਾ 'ਜੈ-ਸੰਘਰਸ਼' ਦਾ ਸੰਪਾਦਕ, ਐਮਰਜੈਂਸੀ ਦੌਰਾਨ ਡੀ.ਆਈ.ਆਰ. ਅਧੀਨ ਨਜ਼ਰਬੰਦ।

ਕੁਲਵੰਤ ਸਿੰਘ—1975 ਤੋਂ 1979 ਤੱਕ ਸੂਬਾ ਕਮੇਟੀ ਮੈਂਬਰ, ਐਮਰਜੈਂਸੀ ਦੌਰਾਨ ਡੀ.ਆਈ.ਆਰ. ਅਧੀਨ ਵਰੰਟਡ।

ਭੋਲਾ ਸਿੰਘ ਸਿਧਾਣਾ—1973 ਤੋਂ 1926 ਤੱਕ ਸੂਬਾ ਕਮੇਟੀ ਮੈਂਬਰ, ਐਮਰਜੈਂਸੀ ਦੌਰਾਨ ਨਜ਼ਰਬੰਦ।

ਹਰਬੰਸ ਸਿੰਘ ਸੰਘਾ—1973 ਤੋਂ 1976 ਤੱਕ ਸੂਬਾ ਪੱਧਰ ਆਗੂ, ਐਮਰਜੈਂਸੀ ਦੌਰਾਨ ਨਜ਼ਰਬੰਦ।

ਇਕਬਾਲ ਸਿੰਘ—1979 ਤੋਂ 1980 ਤੱਕ ਸੂਬਾ ਕਮੇਟੀ ਮੈਂਬਰ।

ਜਗਤਾਰ ਜਲਾਜਣ—1982 ਤੋਂ 1983 ਤੱਕ ਸੂਬਾ ਕਮੇਟੀ ਮੈਂਬਰ।

ਨਰਿੰਦਰ ਸਿੰਘ ਨਿੰਦੀ—1979 ਤੋਂ 1981 ਤੱਕ ਆਈ. ਟੀ.ਆਈ. ਸੂਬਾ ਕਮੇਟੀ ਦਾ ਸੂਬਾਈ ਕਨਵੀਨਰ।

—ਬਲਦੇਵ ਸਿੰਘ ਸੀਬੀਆ

---

ਪੀ. ਐਸ. ਯੂ ਤੇ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਬਿਲਕੁਲ ਹੀ ਵੱਖਰੇ ਮੰਤਵ ਹਨ। ਪੀ. ਐਸ. ਯੂ. ਜਿਥੇ ਸਮਾਜਵਾਦ ਤੇ ਇਨਕਲਾਬੀ ਮੰਤਵਾਂ ਨੂੰ ਸਮੂਹ ਵਿਦਿਆਰਥੀਆਂ ਵਿਚ ਲਿਜਾਕੇ, ਉਹਨਾਂ ਨੂੰ ਇਸ ਨਿਜ਼ਾਮ ਨੂੰ ਬਦਲਣ ਵਾਸਤੇ ਚੇਤਨ ਕਰਨਾ ਹੈ, ਉਥੇ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਦਾਇਰਾ ਬਿਲਕੁਲ ਸਿੱਖ ਫਿਰਕੇ ਤਕ ਹੀ ਸੀਮਤ ਹੈ। ਪਿਛੇ ਜਿਹੇ ਇਕ ਇਨਕਲਾਬੀ ਗਰੁੱਪ ਵਲੋਂ ਦਿੱਤੀ ਗਈ ਸਿਆਸਤ ਦੇ ਅਧੀਨ ਪੀ. ਐਸ. ਯੂ. ਦੀ ਇਕ ਧਿਰ ਵਲੋਂ ਸਿੱਖ ਸਟੂਡੈਂਟ ਫੈਡਰੇਸ਼ਨ ਨਾਲ ਕੁਝ ਸਾਂਝੀਆਂ ਕਾਰਵਾਈਆਂ ਕਰਨੀਆਂ ਮਿਥੀਆਂ ਗਈਆਂ ਹਨ। ਇਸ ਕਾਰਵਾਈ ਨੇ ਪੀ. ਐਸ. ਯੂ. ਦੇ ਹੁਣ ਦੇ ਕੇਡਰ ਅਤੇ ਰਹਿ ਚੁਕੇ ਆਗੂਆਂ ਨੂੰ ਮਜ਼ਬੂਰ ਕੀਤਾ ਹੈ ਕਿ ਉਹ ਪੀ. ਐਸ. ਯੂ ਦੇ ਇਸ ਗਰੁੱਪ ਵਿਰੁੱਧ ਜਿਸਦਾ ਮੇਜਰ ਮਟਰੌਂ ਸੈਕਟਰੀ ਹੈ, ਆਵਾਜ਼ ਉਠਾਉਣ। ਉਨ੍ਹਾਂ ਨੇ 21 ਦਸੰਬਰ ਨੂੰ 1985 ਮਸਤੂਆਨਾ ਵਿਚ ਇਕ ਵਿਦਿਆਰਥੀ ਕਨੇਵੈਨਸ਼ਨ ਕਰਕੇ ਇਹ ਫੈਸਲਾ ਲਿਆ ਕਿ ਇਸ ਨਾਪਾਕ ਗੱਠਜੋੜ ਦੇ ਵਿਰੁੱਧ ਪੰਜਾਬ ਭਰ ਦੇ ਵਿਦਿਆਰਥੀਆਂ ਨੂੰ ਲਾਮਬੰਦ ਕੀਤਾ ਜਾਏ। ਇਕ ਇਕ ਸਹੀ ਕਦਮ ਹੈ। ਇਨਕਲਾਬੀ ਸਿਆਸਤ ਵਿਚ ਇਮਾਨਦਾਰੀ ਪਹਿਲੀ ਸ਼ਰਤ ਹੈ। ਇਹ ਗੱਠਜੋੜ ਇਮਾਨਦਾਰ ਨਹੀਂ, ਇਸਦਾ ਸਭ ਪਾਸਿਓਂ ਵਿਰੋਧ ਹੋਣਾ ਚਾਹੀਦਾ ਹੈ।' ਇਸੇ ਸਿਲਸਿਲੇ ਵਿਚ ਪੀ. ਐਸ. ਯੂ ਦੇ ਪੁਰਾਣੇ ਆਗੂਆਂ ਵਲੋਂ ਜਾਰੀ ਕੀਤਾ ਇਸ਼ਤਿਹਾਰ ਅਸੀਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ।

---

## ਨਵੇਂ ਸਾਲ ਦੇ ਨਾਂ

ਆ ਰਹੇ ਪਹੁ-ਫੁਟਾਲਿਆਂ ਦੀ ਉਡੀਕ 'ਚ
ਤੈਨੂੰ ਨਵਾਂ ਸਾਲ ਮੁਬਾਰਕ

ਮੇਰੇ ਪਿਆਰਾ
ਜ਼ਿੰਦਗੀ ਸਿੱਧੀ ਸਪਾਟ ਰੇਖਾ 'ਚ ਨਹੀਂ ਤੁਰਦੀ
ਸਪਨੀ ਵਾਂਗੂੰ ਅੱਗੇ ਵੱਧਦੀ ਏ
ਕਦੀ ਇਧਰ ਕਦੀ ਉਧਰ
ਪਰ ਉਮੀਦਾਂ ਦੀ, ਖਾਹਿਸ਼ਾਂ ਦੀ, ਉਮੰਗਾਂ ਦੀ
ਘੰਡੀ ਕਦੇ ਬੁੱਢੀ ਨਹੀਂ ਹੁੰਦੀ
ਤੂੰ ਵੀ ਯਾਦ ਕਰਦਾ ਹੋਣਾ ਏਂ
ਇਥੇ ਕੁਝ ਵੀ ਨਵਾਂ ਨਹੀਂ
ਪਰ...
ਹਰ ਦਿਨ 'ਚ
ਹਰ ਸਵੇਰ 'ਚ
ਨਵਾਂ ਹੁੰਦਾ ਏ
ਇਹ ਦਿਨ, ਇਹ ਸਵੇਰ
ਤੈਨੂੰ ਮੁਬਾਰਕ
ਜੋ ਪੁਰਾਣਾ ਏਂ
ਹੋ ਚੁੱਕਾ ਏ
ਗਲ ਚੁੱਕਾ ਏ
ਸੜ ਚੁੱਕਾ ਏ
ਨੂੰ ਬਦਲਣ ਲਈ
(ਇਕ) ਵਿਸ਼ਵਾਸ ਦੀ ਨਵੀਂ ਕਿਰਨ
ਤੈਨੂੰ ਮੁਬਾਰਕ -
ਨਵੀਆਂ ਸੱਧਰਾਂ
ਨਵੀਆਂ ਆਸਾਂ
ਨਵੀਆਂ ਉਮੰਗਾਂ
ਤੇ ਜ਼ਿੰਦਗੀ ਦੀ ਨਵੀਂ ਤੋਰ ਲਈ
ਤੈਨੂੰ ਮੁਬਾਰਕ
ਆ ਰਹੇ ਪਹੁ-ਫੁਟਾਲਿਆਂ
ਦੀ ਉਡੀਕ 'ਚ
ਨਵਾਂ ਸਾਲ ਤੈਨੂੰ ਮੁਬਾਰਕ।

o ਨਰਬਿੰਦਰ

# ਜੇਲ੍ਹ ਮੈਨੂਅਲ, ਕੈਦੀਆਂ ਦੀਆਂ ਸਮੱਸਿਆਵਾਂ ਤੇ ਸੁਧਾਰ

ਅਸੀਂ ਬਠਿੰਡਾ ਜੇਲ੍ਹ ਦੇ ਸਮੂਹ ਕੈਦੀ, ਤੁਹਾਡੀ ਸਰਕਾਰ ਅਤੇ ਮੁੱਖ ਮੰਤਰੀ ਪੰਜਾਬ ਦੇ ਤਹਿ-ਦਿਲੋਂ ਧੰਨਵਾਦੀ ਹਾਂ ਜਿਸਨੇ ਨਾ ਸਿਰਫ਼ ਸਮੂਹ ਕੈਦੀਆਂ ਨੂੰ ਵਾਜਬ ਮੁਆਫੀ ਦੇਣ ਦਾ ਐਲਾਨ ਕੀਤਾ ਸਗੋਂ ਜੇਲ੍ਹ ਮੈਨੂਅਲ ਤੇ ਕੈਦੀਆਂ ਦੇ ਸੁਧਾਰਾਂ ਬਾਰੇ, ਤੁਹਾਡੀ ਅਗ-ਵਾਈ 'ਚ ਕਮੇਟੀ ਸਥਾਪਤ ਕੀਤੀ।

ਤੁਹਾਨੂੰ ਪਤਾ ਹੀ ਹੈ ਕਿ ਪੰਜਾਬ ਦੇ ਕੈਦੀਆਂ ਨੂੰ ਤੁਹਾਡੀ ਸਰਕਾਰ ਤੋਂ ਬੜੀਆਂ ਆਸਾਂ ਸਨ ਤੇ ਹਨ। ਇਨ੍ਹਾਂ ਦੀ ਪੂਰਤੀ ਲਈ ਹੀ ਕੈਦੀਆਂ ਨੇ ਚੋਣਾ ਸਮੇਂ, ਤੁਹਾਡੀ ਸਰਕਾਰ ਦੀ ਸਥਾਪਤੀ ਲਈ ਸੰਭਵ ਢੰਗਾਂ ਨਾਲ ਜ਼ੋਰਦਾਰ ਯਤਨ ਕੀਤੇ। ਤੁਹਾਡੇ ਵਲੋਂ ਚੁਕੇ ਉਪ੍ਰੋਕਤ ਕਦਮ ਇਸ ਗੱਲ ਦੇ ਸੂਚਕ ਹਨ ਕਿ ਤੁਸੀਂ ਜ਼ਰੂਰ ਹੀ ਕੈਦੀਆਂ ਦੀਆਂ ਆਸਾਂ 'ਤੇ ਪੂਰਾ ਉਤਰੋਂਗੇ।

ਤੁਸੀਂ ਹੁਣ ਜੇਲ੍ਹ ਮੈਨੂਅਲ ਤੇ ਕੈਦੀਆਂ ਦੀਆਂ ਸਮਸਿਆਵਾਂ ਦੇ ਸੁਧਾਰ ਦਾ ਬੀੜਾ ਚੁੱਕਿਆ ਹੈ। ਇਸ ਅਤਿ ਜ਼ਰੂਰੀ ਫੈਸਲੇ ਦੀ ਜਿੰਨੀ ਵੀ ਪ੍ਰਸ਼ੰਸਾ ਕੀਤੀ ਜਾਵੇ, ਥੋੜ੍ਹੀ ਹੈ। ਸਭ ਨੂੰ ਪਤਾ ਹੈ ਕਿ ਵਰਤਮਾਨ ਜੇਲ੍ਹ-ਮੈਨੂਅਲ 1916 'ਚ ਹੋਂਦ ਵਿਚ ਆਇਆ, ਜਿਹੜਾ ਜੇਲ੍ਹ ਕਾਨੂੰਨ (prisons act) 1894 ਤੇ 1900 ਤੇ ਅਧਾਰਤ ਹ। ਕਿਉਂਕਿ ਅੰਗਰੇਜ਼ ਹੁਕਮਰਾਨ ਭਾਰਤਵਾਸੀਆਂ ਨੂੰ ਇਨ-ਸਾਨ ਨਹੀਂ, ਗੁਲਾਮ ਸਮਝਦੇ ਸਨ, ਇਸ ਕਰਕੇ ਉਨ੍ਹਾਂ ਅਜਿਹੇ ਕਾਨੂੰਨ ਬਣਾਏ, ਜਿਹੜੇ ਕਿਸੇ ਤਰ੍ਹਾਂ ਵੀ ਮਨੁੱਖੀ ਪੱਧਰ ਦੇ ਨਹੀਂ। ਇਨ੍ਹਾਂ ਸਭ ਘਸੇ ਪਿਟੇ ਜਾਬਰ ਕਾਨੂੰਨਾਂ 'ਚ ਵੱਡੀ ਤਬਦੀਲੀ ਕਰੇ ਬਿਨਾਂ ਜੇਲ੍ਹ-ਖਾਨਿਆਂ ਨੂੰ "ਸੁਧਾਰ-ਘਰ" 'ਚ ਤਬਦੀਲ ਨਹੀਂ ਕੀਤਾ ਜਾ ਸਕਦਾ। ਸੁਪਰੀਮ ਕੋਰਟ ਸਮੇਤ ਕਈ ਹਾਈਕੋਰਟਾਂ ਨੇ ਵੀ ਇਸ ਲੋੜ ਸੰਬੰਧੀ ਕਈ ਫੈਸਲੇ ਕੀਤੇ ਹਨ। ਇਸ ਲੋੜ ਨੂੰ ਅਨੁਭਵ ਕਰਦਿਆਂ ਪਹਿਲੀ ਵਾਰ ਜੇਲ੍ਹ-ਮੈਨੂਅਲ ਦੀ ਸੋਧ ਦਾ ਕਾਰਜ 1975 'ਚ ਹੱਥ 'ਚ ਲਿਆ ਗਿਆ। ਪਰ ਪੰਜਾਬ ਸਰਕਾਰ ਵਲੋਂ ਵੱਖ-ਵੱਖ ਸਮੇਂ ਕੀਤੀਆਂ ਕਈ ਕਾਰਜਕਾਰੀ ਬਦਲੀਆਂ ਤੋਂ ਬਿਨਾਂ ਸਮੁੱਚੇ ਤੌਰ 'ਤੇ ਜੇਲ੍ਹ-ਮੈਨੂਅਲ ਤੇ ਕੈਦੀਆਂ ਦੀਆਂ ਹੋਰ ਸਮੱਸਿਆਵਾਂ ਸੰਬੰਧੀ ਸੁਧਾਰ ਕਰਨ ਦਾ ਕੋਈ ਉਪਰਾਲਾ ਨਹੀਂ ਕੀਤਾ। ਸਾਨੂੰ ਆਸ ਹੈ ਕਿ ਤੁਸੀਂ ਇਸ ਮਸਲੇ ਨੂੰ ਬੇ-ਲੋੜਾ ਲਮਕਾਉਣ ਤੇ ਤਿਲ੍ਹਕਾਉਣ ਦੀ ਇਜਾਜ਼ਤ ਨਹੀਂ ਦੇਵੋਗੇ।

ਤੁਸੀਂ ਤੇ ਤੁਹਾਡੇ ਸਾਥੀ ਉੱਚ ਕੋਟੀ ਦੇ ਵਿਦਵਾਨ ਹੀ ਨਹੀਂ ਸਗੋਂ ਖੁਦ ਜੇਲ੍ਹ ਦੀ ਨਰਕੀ ਜ਼ਿੰਦਗੀ ਨੂੰ ਆਪਣੇ ਪਿੰਡੇ 'ਤੇ ਹੰਢਾਉਣ ਵਾਲੇ ਤਜਰਬੇਕਾਰ ਵੀ ਹੋ। ਸਾਨੂੰ ਵਿਸ਼ਵਾਸ ਹੈ ਕਿ ਤੁਸੀਂ ਸੁਧਾਰ ਕਰਨ ਲਈ ਪੰਜਾਬ ਜੇਲ੍ਹ-ਮੈਨੂਅਲ ਤੋਂ ਇਲਾਵਾ ਹਾਈਕੋਰਟਾਂ ਤੇ ਸੁਪਰੀਮਕੋਰਟ ਦੇ ਫੈਸਲਿਆਂ ਅਤੇ ਹੋਰ ਦੇਸਾਂ ਦੇ ਕਾਨੂੰਨਾਂ ਦਾ ਵੀ ਅਧਿਐਨ ਕਰੋਗੇ। ਭਾਵੇਂ ਅਸੀਂ ਕੈਦੀਆਂ ਨੂੰ ਜੇਲ੍ਹ-ਮੈਨੂਅਲਾਂ ਦੀ ਹਵਾ ਵੀ ਨਹੀਂ ਲਵਾਈ ਗਈ ਪਰ ਆਪਣੇ ਠੋਸ ਜ਼ਾਤੀ ਤਜਰਬੇ ਦੇ ਅਧਾਰ 'ਤੇ ਅਸੀਂ ਤੁਹਾਡੀ ਮਦਦ ਕਰਨੀ ਆਪਣਾ ਜ਼ਰੂਰੀ ਫ਼ਰਜ਼ ਸਮਝਦੇ ਹਾਂ। ਸਾਨੂੰ ਪੂਰੀ ਆਸ ਹੈ ਕਿ ਤੁਸੀਂ ਸਾਡੇ ਲੰਬੇ ਪੱਤਰ ਦੀ ਗੁਸਤਾਖੀ ਮੁਆਫ਼ ਕਰਦੇ ਹੋਏ ਸਾਡੇ ਸੁਝਾਵਾਂ 'ਤੇ ਗੰਭੀਰਤਾ ਨਾਲ ਗੌਰ ਕਰੋਗੇ।

ਜੇਲ੍ਹਾਂ ਨੂੰ "ਸੁਧਾਰ ਘਰਾਂ" 'ਚ ਤਬਦੀਲ ਕਰਨ ਪਿੱਛੇ ਇਹ ਧਾਰਨਾ ਹੈ ਕਿ ਸਰਕਾਰ ਕੈਦੀਆਂ ਨੂੰ ਮਾਨ-ਸਿਕ ਰੋਗ ਦਾ ਸ਼ਿਕਾਰ ਸਮਝਦੀ ਹੈ। ਇਸ ਲਈ ਉਹ ਕਾਨੂੰਨ ਤੇ ਵਿਹਾਰ ਹੀ ਜਾਇਜ਼ ਆਖੇ ਜਾ ਸਕਦੇ ਹਨ, ਜਿਹੜੇ ਰੋਗੀ ਨੂੰ ਨਹੀਂ, ਰੋਗ ਖਤਮ ਕਰਨ 'ਚ ਸਹਾਈ ਹੋਣ। ਜੇਕਰ ਸਚਮੁਚ ਹੀ ਅਸੀਂ ਕੈਦੀਆਂ ਦੀ ਉਸ ਮਾਨਸਕ ਪ੍ਰਵਿਰਤੀ ਨੂੰ ਬਦਲਣਾ ਹੈ, ਜਿਹੜੀ ਇਕ ਤੋਂ ਬਾਅਦ ਦੂਜੇ ਜੁਰਮ ਦੀ ਜਨਮਦਾਤਾ ਬਣਦੀ ਹੈ, ਜੇ ਸਚਮੁੱਚ ਹੀ ਅਸੀਂ ਅਜਿਹੇ ਰੋਗੀਆਂ ਦਾ ਸੁਧਾਰ ਕਰਕੇ ਜ਼ੁੰਮੇਵਾਰ ਨਾਗਰਿਕ ਬਨਾਉਣ ਦਾ ਫਰਜ਼ ਨਿਭਾਉਣਾ ਹੈ, ਤਾਂ ਲਾਜ਼ਮੀ ਹੀ ਚੌਤਰਫੇ ਕਦਮ ਚੁੱਕਣੇ ਪੈਣਗੇ। ਸਾਡਾ ਇਹ ਨਿਗੂਣਾ ਯਤਨ ਵੀ ਸਮੂਹ ਕੈਦੀਆਂ ਤੇ ਸਮਾਜ ਦੇ ਭਲੇ ਦੀ ਰੌਸ਼ਨੀ ਦੇ ਪ੍ਰਸੰਗ 'ਚ ਰੱਖਕੇ ਹੀ ਵਾਚਿਆ ਜਾਣਾ ਚਾਹੀਦਾ ਹੈ।

ਅਸੀਂ ਕੈਦੀਆਂ ਦੀਆਂ ਸਮਸਿਆਵਾਂ ਤੇ ਦਿਸਦੇ ਹੱਲ ਨੂੰ ਦੋ ਪੱਖਾਂ ਤੋਂ ਵਿਚਾਰਾਂਗੇ। ਪਹਿਲਾ, ਜੇਲ੍ਹ ਤੋਂ ਬਾਹਰਲੀ ਜ਼ਿੰਦਗੀ ਨਾਲ ਸੰਬੰਧਤ ਸਮਸਿਆਵਾਂ ਤੇ ਦੂਜਾ ਜੇਲ੍ਹ ਦੀ ਅੰਦਰਲੀ ਜ਼ਿੰਦਗੀ ਨਾਲ। ਇਸ ਤਰ੍ਹਾਂ ਸਾਡੀਆਂ ਸਮੂਹ ਸਮਸਿਆਵਾਂ, ਕਾਰਣਾਂ ਤੇ ਹੱਲ ਨੂੰ ਸਮਝਣ 'ਚ ਸੌਖ ਰਹੇਗੀ।

### ਬਾਹਰਲੀ ਜ਼ਿੰਦਗੀ ਨਾਲ ਸੰਬੰਧਤ ਸਮਸਿਆਵਾਂ

### (1) ਨਕੱਸ਼ਿਆਂ ਬਾਰੇ

ੳ. ਉਮਰ ਕੈਦੀਆਂ ਦੀ "ਅਗੇਤਰੀ ਰਿਹਾਈ" ਦੇ ਨਾਂ ਹੇਠ ਪੁਲਿਸ ਰਿਪੋਰਟ ਮੰਗਣ ਦੀ ਕੋਈ ਤੁਕ ਨਹੀਂ ਤੇ ਇਸਨੂੰ ਰੱਦ ਕਰਨਾ ਚਾਹੀਦਾ ਹੈ। ਕਿਉਂਕਿ ਰਿਪੋਰਟ ਮੰਗਣ ਪਿੱਛੇ ਅਧਾਰ-ਦਲੀਲ ਇਹ ਪਤਾ ਲਾਉਣਾ ਹੁੰਦਾ

ਹੈ ਕਿ ਕੀ ਕੈਦੀ ਦੀ ਉਸ ਮਾਨਸਕ ਪ੍ਰਵਿਰਤੀ ਵਿਚ ਕੋਈ ਸੁਧਾਰ ਹੋਇਆ ਹੈ ਜਾਂ ਨਹੀਂ, ਜਿਹੜੀ ਜੁਰਮਾਂ ਲਈ ਉਕਸਾਉਂਦੀ ਹੈ ? ਪਹਿਲੀ ਗੱਲ ਤਾਂ ਇਹ ਕਿ ਕੇਸ ਦੀ ਸੁਣਵਾਈ ਤੇ ਤਫ਼ਤੀਸ਼ ਦੌਰਾਨ ਕਿਸ ਕੈਦੀ ਦਾ ਵਾਹ ਹੀ ਪੁਲਸ ਨਾਲ ਏਨਾ ਘੱਟ ਰਿਹਾ ਹੁੰਦਾ ਹੈ ਕਿ ਉਹ ਮਨੋ-ਵਿਗਿਆਨਕ ਤੌਰ 'ਤੇ ਉਸਨੂੰ ਸਮਝਣ ਦੇ ਸਮਰੱਥ ਹੀ ਨਹੀਂ ਹੁੰਦੇ। ਦੂਜੇ, ਕੈਦੀ ਦੀ ਰਿਹਾਈ ਸਮੇਂ ਨਾ ਉਹ ਪੁਲਸ ਅਧਿਕਾਰੀ ਸੰਬੰਧਿਤ ਥਾਣੇ 'ਚ ਹੁੰਦੇ ਹਨ, ਜਿਹੜੇ ਤਫ਼ਤੀਸ਼ ਸਮੇਂ ਮੌਜੂਦ ਸਨ। ਤੀਜੀ ਤੇ ਸਭ ਤੋਂ ਮੁੱਖ ਗੱਲ ਇਹ ਕਿ ਇਹ ਮੰਨ ਵੀ ਲਿਆ ਜਾਵੇ ਕਿ ਪੁਲਿਸ ਅਧਿਕਾਰੀ ਤਫ਼ਤੀਸ਼ ਸਮੇਂ ਦੋਸ਼ੀ ਦੇ ਹਰ ਪੱਖ ਤੋਂ ਜਾਣੂ ਸਨ ਤਾਂ ਵੀ ਸਾਲਾਂ-ਬੱਧੀ ਪੁਲਸ ਦਾ ਵਾਹ ਸੰਬੰਧਤ ਕੈਦੀ ਨਾਲ ਉੱਕਾ ਹੀ ਨਹੀਂ ਰਹਿੰਦਾ, ਫੇਰ ਵੀ ਉਹ ਕੈਦੀ ਦੇ ਪਸ਼ਚਾਤਾਪ, ਮਾਨਸਕ ਹਾਲਤ 'ਚ ਤਬਦੀਲੀ ਤੇ ਸੁਧਾਰ ਬਾਰੇ ਅੰਦਾਜ਼ਾ ਕਿਵੇਂ ਲਾ ਸਕਦੇ ਹਨ। ਅਜਿਹਾ ਜਾਇਜ਼ਾ ਸਿਰਫ ਜੇਲ ਅਧਿਕਾਰੀ ਹੀ ਦੇ ਸਕਦੇ ਹਨ, ਜਿੰਨ੍ਹਾਂ ਦਾ ਕੈਦੀ ਨਾਲ ਲੰਮਾਂ ਸਮਾਂ ਬਹੁਤ ਹੀ ਨੇੜਿਓਂ ਵਾਹ ਰਹਿੰਦਾ ਹੈ।

ਅ. ਪਿੰਡ ਪੱਧਰੀ ਪੰਚਾਇਤ ਦੀ ਰਿਪੋਰਟ ਮੰਗਣ ਦੇ ਬਾਵਜੂਦ ਇਸ ਦੀਆਂ ਦਿੱਕਤਾਂ ਨੂੰ ਅੱਖੋਂ-ਪਰੋਖੇ ਕਰਨਾ ਸਹੀ ਨਹੀਂ। ਅਕਸਰ ਹੀ ਪਿੰਡ ਜਾਤੀ, ਸਿਆਸੀ ਤੇ ਸਮਾਜਕ ਕਾਰਣਾ ਕਰਕੇ ਜਥੇਬੰਦੀਆਂ ਦੇ ਸ਼ਿਕਾਰ ਹਨ। ਇਨ੍ਹਾਂ ਧੜੇਬੰਦੀਆਂ 'ਚ ਬਹੁਤੇ ਪਿੰਡਾਂ ਵਿਚ ਪੰਚਾਇਤ ਦਾ ਰੋਲ ਨਿਰਪੱਖਤਾ ਵਾਲਾ ਨਹੀਂ ਸਗੋਂ ਇਕ ਧਿਰ ਵਾਲਾ ਹੁੰਦਾ ਹੈ। ਸੰਭਵ ਹੈ, ਕਿਸੇ ਕੈਦੀ ਦਾ ਵਿਰੋਧ ਪੰਚਾਇਤ ਜਾਂ ਸਰਪੰਚ ਨਾਲ ਹੀ ਹੋਵੇ। ਅਜਿਹੀ ਹਾਲਤ ਵਿਚ ਉਹ ਸਹੀ ਰਿਪੋਰਟ ਕਦੇ ਭੇਜਣ ਨਹੀਂ ਲੱਗੇ। ਇਸ ਲਈ ਪੰਚਾਇਤ ਰਿਪੋਰਟ ਦੀ ਸ਼ਰਤ ਲਾਉਣਾ ਅਨੇਕਾਂ ਕੈਦੀਆਂ ਨਾਲ ਬੇ ਇਨਸਾਫੀ ਕਰਨਾ ਹੈ, ਜਿਸ ਨੂੰ ਰੱਦ ਕਰਨਾ ਚਾਹੀਦਾ ਹੈ।

ੲ. ਜਿਹੜੇ ਕੈਦੀ ਸਜ਼ਾ ਸਮੇਂ ਅਨੇਕਾਂ ਵਾਰ ਜ਼ਬਤ, ਸ਼ਾਂਤੀ ਤੇ ਨੇਕ ਚਾਲ ਚਲਣੀ ਨਾਲ ਛੁੱਟੀਆਂ ਕੱਟ ਆਏ ਹੋਣ, ਉਨ੍ਹਾਂ ਦੇ ਸੁਧਾਰ ਦਾ ਇਹ ਸਭ ਤੋਂ ਠੋਸ ਸਬੂਤ ਹੈ। ਛੁੱਟੀ ਕੈਦੀ ਦੇ ਮਾਨਸਕ-ਰੁਝਾਨ ਨੂੰ ਅੰਗਣ ਦਾ ਇਮਤਿਹਾਨੀ ਮੌਕਾ ਹੁੰਦਾ ਹੈ। ਇਸ 'ਚ ਵਾਰ-2 ਪਾਸ ਹੋਏ ਕੈਦੀ ਦੀ ਰਿਹਾਈ ਲਈ ਹੋਰ ਕਿਸੇ ਮਨਜ਼ੂਰੀ ਦੀ ਲੋੜ ਹੀ ਨਹੀਂ।

ਸ. ਉਮਰ ਕੈਦੀਆਂ ਦੀ ਰਿਹਾਈ ਲਈ ਜੇਲ ਅਧਿਕਾਰੀਆਂ ਦੀ ਮਨਜ਼ੂਰੀ ਵੀ ਵਾਜਬ ਨਹੀਂ। ਇਹ ਤਾਂ ਸੱਚ ਹੈ ਕਿ ਇਹ ਕੈਦੀ ਦੇ ਮਾਨਸਕ ਤੇ ਦਿਮਾਗੀ ਸੁਧਾਰ ਦਾ ਸਹੀ ਜਾਇਜ਼ਾ ਲਾ ਸਕਦੇ ਹਨ ਪਰ ਇਹ ਸੱਚ ਨਹੀਂ ਕਿ ਉਹ ਹਮੇਸ਼ਾਂ ਸਹੀ ਰਿਪੋਰਟ ਵੀ ਕਰਨਗੇ। ਜੇਲ-ਅਧਿਕਾਰੀ ਕਿਸੇ ਨਿਰਦੋਸ਼ ਕੈਦੀ ਦੀ ਪੇਸ਼ੀ ਕਰਨ ਜਾਂ ਗਲਤ ਰਿਪੋਰਟ ਭੇਜਣ ਤੋਂ ਗੁਰੇਜ਼ ਨਹੀਂ ਕਰਦੇ। ਅਜਿਹਾ ਅਧਿਕਾਰ ਉਨ੍ਹਾਂ ਨੂੰ ਹੋਰ ਡਿਕਟੇਟਰ ਬਨਾਉਣ 'ਚ ਸਹਾਈ ਰੋਲ ਨਿਭਾਵੇਗਾ। ਜੇ ਇਹ ਮੰਨ ਵੀ ਲਿਆ ਜਾਵੇ ਕਿ ਕੋਈ ਕੈਦੀ ਜੇਲ 'ਚ ਵੀ ਜੁਰਮ ਕਰਨ ਤੋਂ ਬਾਜ਼ ਨਹੀਂ ਆਇਆ ਤਾਂ ਵੀ ਅਜਿਹੇ ਨਾ-ਸੁਧਰੇ ਅਨਸਰ ਨੂੰ ਵੀ ਰਿਹਾਈ ਤੋਂ ਰੋਕਣਾ ਉਚਿਤ ਨਹੀਂ। ਕਿਉਂਕਿ ਸਬੰਧਤ ਕੈਦੀ ਆਪਣੇ ਕਤਲ ਦੀ ਸਜ਼ਾ ਦੇ ਨਾਲ ਹਾਂ ਜੇਲ ਅੰਦਰ ਕੀਤੇ ਜੁਰਮਾਂ ਦੀ ਸਜ਼ਾ ਵੀ ਭੁਗਤਦਾ ਰਹਿੰਦਾ ਹੈ। ਬਾਹਰ ਜਾ ਕੇ ਉਸਦੇ ਜੁਰਮ ਕਰਨ ਦੀ ਕਿਹੜੀ ਸੰਭਾਵਨਾ ਲਗਦੀ ਹੈ, ਉਸ ਦੀ ਸਜ਼ਾ ਦੇਣ ਲਈ ਵੀ ਕਾਨੂੰਨ ਬਰਕਰਾਰ ਹੈ। ਕੀ ਸਾਰਿਆਂ ਜੁਰਮਾਂ ਦੀ ਸਜ਼ਾ ਭੁਗ ਚੁੱਕੇ ਕੈਦੀ ਨੂੰ ਜੇਲ 'ਚ ਡੱਕੀ ਰੱਖਣਾ ਬੇਇਨਸਾਫੀ ਨਹੀਂ ? ਦਰਅਸਲ ਪੁਲਸ ਤੇ ਜੇਲ-ਅਧਿਕਾਰੀਆਂ ਦੇ ਰਹਿਮੋ-ਕਰਮ 'ਤੇ ਉਮਰ ਕੈਦੀਆ ਦੀ ਰਿਹਾਈ ਛੱਡਣਾ ਭ੍ਰਿਸ਼ਟਾਚਾਰ ਤੇ ਬੇਇਨਸਾਫੀ ਨੂੰ ਜਨਮ ਦੇਣਾ ਹੈ। ਇਸਦੀ ਇਜਾਜ਼ਤ ਨਹੀਂ ਦੇਣੀ ਚਾਹੀਦੀ।

ਹ. ਸੁਪਰੀਮ ਕੋਰਟ ਨੇ ਹੁਣ ਉਮਰ ਕੈਦੀ ਦੀ ਪ੍ਰੀਭਾਸ਼ਾ "ਉਮਰ ਕੈਦ" ਦੀ ਬਜਾਏ "ਮਿਆਦ-ਸਜ਼ਾ" ਮਿਥ ਦਿਤੀ ਹੈ। ਉੱਚ-ਅਦਾਲਤ ਦਾ ਇਹ ਫੈਸਲਾ ਤਾਂ ਹੀ ਸਹੀ ਮਾਮਲਿਆਂ 'ਚ ਲਾਗੂ ਕੀਤਾ ਜਾ ਸਕਦਾ ਹੈ ਜੇਕਰ ਤਹਿਸ਼ੁਦਾ ਮਿਆਦ ਦੀ ਸਜ਼ਾ ਕੱਟਣ ਤੋਂ ਬਾਅਦ ਉਸੇ ਤਰ੍ਹਾਂ ਉਮਰ ਕੈਦੀਆਂ ਨੂੰ "ਡਿਊਟੀ ਰਿਹਾਈ ਰਾਹੀਂ" ਛੱਡਿਆ ਜਾਵੇ, ਜਿਵੇਂ ਥੋੜੀ ਸਜ਼ਾ ਵਾਲਿਆਂ ਨੂੰ ਛੱਡਿਆ ਜਾਂਦਾ ਹੈ। ਪਿਛਲੀ ਅਕਾਲੀ ਵਜ਼ਾਰਤ ਸਮੇਂ ਸ: ਬਾਦਲ ਨੇ ਕੈਦੀਆਂ ਨੂੰ, ਨਕਸ਼ੇ ਪਾਸ ਕਰਾਉਣ ਦਾ ਖਰਚੀਲਾ ਤੇ ਗੈਰਵਾਜਬ ਝੰਜਟ ਖਤਮ ਕਰਕੇ "ਡਿਊਟੀ ਰਿਹਾਈ" ਲਾਗੂ ਕਰਨ ਦਾ ਵਾਅਦਾ ਕੀਤਾ ਸੀ। ਹੁਣ, ਉਹਨੂੰ ਸ: ਬਾਦਲ ਦਾ ਉਪ੍ਰੋਕਤ ਵਾਅਦਾ ਪੂਰਾ ਕਰਨ ਲਈ "ਡਿਊਟੀ ਰਿਹਾਈ" ਦਾ ਕਾਨੂੰਨ ਬਨਾਉਣਾ ਚਾਹੀਦਾ ਹੈ, ਜਿਵੇਂ ਕਿ ਹਰਿਆਣੇ ਤੇ ਕਈ ਹੋਰ ਸੂਬਿਆਂ 'ਚ ਲਾਗੂ ਹੈ।

## 2. ਛੁੱਟੀਆਂ ਬਾਰੇ :

ੳ. ਉਮਰ ਕੈਦੀਆਂ ਨੂੰ ਮਿਲਦੀਆਂ ਛੁੱਟੀਆਂ (ਫਰਲੋ ਤੇ ਪੈਰੋਲ) ਦੀ ਪ੍ਰਵਾਨਗੀ ਲਈ ਵੀ ਪੁਲਸ ਤੇ ਪੰਚਾਇਤ ਦੀ ਰਿਪੋਰਟ ਮੰਗਣ ਦੀ ਸ਼ਰਤ ਰੱਦ ਕਰਨੀ ਚਾਹੀਦੀ ਹੈ। ਜਿਸਦੇ ਕਾਰਨ ਉਹੀ ਹਨ, ਜਿਹੜੇ ਅਸੀਂ ਨਕਸ਼ੇ ਸੰਬੰਧੀ ਵਿਚਾਰ ਆਏ ਹਾਂ। ਜੇ ਜ਼ਰੂਰੀ ਸਮਝਿਆ ਜਾਵੇ ਤਾਂ ਪਿੰਡ ਦੇ ਕਿਸੇ ਪੰਜ ਵਸਨੀਕਾਂ ਦੀ ਜ਼ੁੰਮੇਵਾਰੀ ਲਾਜ਼ਮੀ ਕਰਾਰ ਦਿੱਤੀ ਜਾ ਸਕਦੀ ਹੈ।

ਅ, ਹਰ ਉਮਰ ਕੈਦੀ ਨੂੰ ਸਾਲ 'ਚ ਦੋ ਛੁੱਟੀਆਂ ਮਿਲਣੀਆਂ ਲਾਜ਼ਮੀ ਕਰਾਰ ਦੇਣੀਆਂ ਚਾਹੀਦੀਆਂ ਹਨ ਅਤੇ ਇਸਦਾ ਅਧਿਕਾਰ ਜੇਲ੍ਹ ਸੁਪਰਡੈਂਟ ਨੂੰ ਦੇਣਾ ਜ਼ਰੂਰੀ ਹੈ। ਜੇਕਰ ਆਈ., ਜੀ. ਜੇਲ ਤੋਂ ਮਨਜ਼ੂਰੀ ਲੈਣੀ ਜਰੂਰੀ ਸਮਝੀ ਜਾਵੇ ਤਾਂ ਇਹ ਤਹਿ ਕੀਤਾ ਜਾਵੇ ਕਿ ਆਈ. ਜੀ. 15 ਦਿਨਾਂ ਦੇ ਅੰਦਰ-ਅੰਦਰ ਲਾਜ਼ਮੀ ਮਨਜ਼ੂਰੀ ਦੇਵੇ।

ੲ. ਛੁੱਟੀ ਨੂੰ ਲਾਜ਼ਮੀ ਕਰਾਰ ਤਾਂ ਹੀ ਦਿਤਾ ਜਾ ਸਕਦਾ ਹੈ ਜੇ "ਮਕਾਨ" ਜਾ "ਖੇਤੀਬਾੜੀ" ਦੀਆਂ ਮੌਜੂਦਾ ਸ਼ਰਤਾਂ ਰੱਦ ਕੀਤੀਆਂ ਜਾਣ। ਪਹਿਲੀ ਤਾਂ ਏਸ ਕਰਕੇ ਕਿ ਅਨੇਕਾਂ ਕੈਦੀਆਂ ਪਾਸ ਨਾ ਤਾਂ ਜ਼ਮੀਨ ਹੈ ਨਾ ਮਕਾਨ। ਉਹ ਇਸ ਨੂੰ ਮਾਨਣ ਤੋਂ ਵਾਂਝੇ ਰਹਿਣ ਜਾਂ ਝੂਠੇ ਬਹਾਨੇ ਘੜਨ ਲਈ ਮਜਬੂਰ ਹੁੰਦੇ ਹਨ। ਦੂਜੀ ਛੁੱਟੀ ਦੇਣ ਦਾ ਅਸਲ ਮੰਤਵ ਆਪਣੇ ਪਰਿਵਾਰ ਤੇ ਸਮਾਜ ਨਾਲ ਜੁੜੇ ਰਹਿਣ ਅਤੇ ਆਪਣੀਆਂ ਵਿਵਾਹਿਤ ਜ਼ਰੂਰਤਾਂ ਨੂੰ ਪੂਰਾ ਕਰਨਾ ਹੈ। ਖਾਨਦਾਨੀ ਵਾਰਿਸ ਦੀ ਪੈਦਾਇਸ਼ ਤੇ ਮਾਨਸਕ ਸੰਤੁਸ਼ਟੀ ਦੀ ਇਹ ਲੋੜ ਹਰ ਗਰੀਬ-ਅਮੀਰ ਇਨਸਾਨ ਦੀ ਹੈ। ਕਿਸੇ ਨੂੰ ਵੀ ਇਸਤੋਂ ਵਾਂਝਾ ਰੱਖਣਾ ਦਰਅਸਲ ਉਸਨੂੰ ਅਨੇਕਾਂ ਮਾਨਸਕ ਰੋਗਾਂ ਦਾ ਸ਼ਿਕਾਰ ਬਨਾਉਣਾ ਅਤੇ ਨਤੀਜੇ ਵਜੋਂ ਮੁਜ਼ਰਮਾਨਾ ਰਾਹ ਤੇ ਧੱਕਣਾ ਹੈ।

ਸ, ਮੌਜੂਦਾ ਕਾਨੂੰਨ ਮੁਤਾਬਕ ਫਰਲੋ ਛੁੱਟੀ ਪਹਿਲਾਂ 21 ਦਿਨ ਦੀ ਮਿਲਦੀ ਹੈ ਜੋਦੋਂ ਕਿ ਮਗਰੋਂ ਘਟਾਕੇ 15 ਦਿਨ ਕਰ ਦਿੱਤੀ ਜਾਂਦੀ ਹੈ। ਅਜਿਹਾ ਕਰਨਾ ਕਿਸੇ ਤਰ੍ਹਾਂ ਵੀ ਵਾਜਬ ਨਹੀਂ, ਕਿਉਂਕਿ ਜ਼ਬਤ, ਬੰਦਸ਼ਾਂ ਤੇ ਨੇਕ ਚਾਲ ਚਲਣੀ ਨਾਲ ਛੁੱਟੀ ਕੱਟਕੇ ਆਏ ਕੈਦੀ ਇਨਾਮ ਦੇ ਹੱਕਦਾਰ ਬਣਦੇ ਹਨ। ਇਸ ਕਰਕੇ ਕੈਦੀਆਂ ਦੇ ਸੁਧਾਰ ਲਈ ਉਨ੍ਹਾਂ ਨੂੰ ਪਹਿਲੀ ਛੁੱਟੀ ਨਾਲੋਂ ਦੂਜੀਆਂ ਵੱਧ ਦਿਨਾਂ ਤੇ ਲਗਾਤਾਰ ਵਧਦੀਆਂ ਜਾਣੀਆਂ ਚਾਹੀਦੀਆਂ ਹਨ। ਇਸੇ ਤਰ੍ਹਾਂ ਪੈਰੋਲ ਦੀ ਪਹਿਲੀ ਛੁੱਟੀ ਮਹੀਨਾ, ਦੂਜੀ ਡੇਢ, ਤੀਜੀ ਦੋ ਅਤੇ ਇਹ ਵਧਦੇ ਵਧਦੇ 6 ਮਹੀਨਿਆਂ ਤੱਕ ਜਾਣੀ ਚਾਹੀਦੀ ਹੈ। ਇਉਂ ਕਰਨ ਨਾਲ ਨਾ ਸਿਰਫ ਕੈਦੀ ਪਰਿਵਾਰਕ ਤੇ ਸਮਾਜਕ ਫਰਜ਼ਾਂ ਨਾਲ ਜੁੜੇ ਰਹਿਣ ਦੇ ਭਾਈਵਾਲ ਬਨਣ ਕਰ ਕੇ ਤਣਾਅ-ਰਹਿਤ ਜੁੰਮੇਵਾਰ ਨਾਗਰਿਕ ਬਨਣ ਵਲ ਵਿਕਾਸ ਕਰਨਗੇ ਸਗੋਂ ਇਸ ਨਾਲ ਜੇਲ ਤੇ ਪੈਂਦਾ ਵਾਧੂ ਬੋਝ ਵੀ ਹਲਕਾ ਹੋਵੇਗਾ। ਸਾਨੂੰ ਇਹ ਧਿਆਨ 'ਚ ਰੱਖਣਾ ਚਾਹੀਦਾ ਹੈ ਕਿ ਮਾਨਸਕ ਰੋਗੀ ਕੈਦੀਆਂ ਨੂੰ ਸੋਚ ਪੱਖੋਂ ਤਾਂ ਹੀ ਤੰਦਰੁਸਤ ਕੀਤਾ ਜਾ ਹੈ.ਜੇ ਉਨ੍ਹਾਂ ਨੂੰ ਘਰੇਲੂ ਤੇ ਸਮਾਜਕ ਜੁੰਮੇਵਾਰੀਆਂ ਨਿਭਾਉਣ ਦੇ ਵੱਧ ਮੌਕੇ ਮੁਹੱਈਆ ਕੀਤੇ ਜਾਣ। ਇਹੀ ਉਨ੍ਹਾਂ ਦੇ ਸੁਧਾਰ ਨੂੰ ਅੰਗਣ ਦਾ ਠੋਸ ਪੈਮਾਨਾ ਹੈ। ਇਸ ਲਈ ਫਰਲੋ ਤੇ ਪੈਰੋਲ ਦੀਆਂ ਛੁੱਟੀਆਂ ਲਗਾਤਾਰ ਵਧਾਏ ਜਾਣ ਦਾ ਕਾਨੂੰਨ ਬਨਾਉਣਾ ਲਾਜ਼ਮੀ ਹੈ।

ਹ. ਆਰਥਕ ਤੇ ਮਾਨਸਕ ਤੌਰ ਤੇ ਟੁੱਟੇ ਕੈਦੀਆਂ ਅਤੇ ਉਨ੍ਹਾਂ ਦੇ ਪ੍ਰੀਵਾਰਾਂ ਤੇ ਪੈਂਦੇ ਪੈਸੇ ਤੇ ਸਮੇਂ ਦੇ ਬੋਝ ਨੂੰ ਹਲਕਾ ਕਰਨ ਲਈ ਇਹ ਵੀ ਜਰੂਰੀ ਹੈ ਕਿ ਕੈਦੀ ਦੀ ਹਰ ਛੁੱਟੀ ਸਮੇਂ ਜ਼ਮਾਨਤ ਦੁਬਾਰਾ ਕਰਵਾਉਣ ਦਾ ਝੰਜਟ ਖਤਮ ਕੀਤਾ ਜਾਵੇ। ਪਹਿਲੀ ਛੁੱਟੀ ਸਮੇਂ ਦਿਤੀ ਜ਼ਮਾਨਤ ਓਨਾ ਚਿਰ ਬਰਕਰਾਰ ਸਮਝੀ ਜਾਵੇ, ਜਿੰਨਾ ਚਿਰ ਜ਼ਮਾਨਤੀਆ ਖੁਦ ਦਰਖਾਸਤ ਦੇ ਕੇ ਰੱਦ ਨਹੀਂ ਕਰਵਾਉਂਦਾ।

ਕ. ਇਹ ਪ੍ਰਬੰਧ ਵੀ ਕਰਨਾ ਚਾਹੀਦਾ ਹੈ ਕਿ ਕੋਈ ਕੈਦੀ ਆਪਣੇ ਘਰੇਲੂ ਕੰਮਾਂ, ਸਮਾਜਕ ਫਰਜ਼ਾਂ ਤੇ ਮਾਨਸਕ ਲੋੜਾਂ ਅਨੁਸਾਰ ਜੇ ਚਾਹੇ ਤਾਂ ਕਿਸੇ ਛੁੱਟੀ ਨੂੰ ਕਈ ਕਿਸ਼ਤਾਂ 'ਚ ਕੱਟ ਸਕਦਾ ਹੋਵੇ। ਇਹ ਕਦਮ ਵੀ ਉਨ੍ਹਾਂ ਦੀਆਂ ਬੇਲੋੜੀਆਂ ਪ੍ਰੇਸ਼ਾਨੀਆਂ ਨੂੰ ਘਟਾਉਣ ਤੇ ਉਨ੍ਹਾਂ ਦਾ ਮਾਨਸਕ ਸੰਤੁਲਨ ਬਨਾਉਣ 'ਚ ਸਹਾਈ ਹੋ ਸਕਦਾ ਹੈ।

ਖ. ਵਿਆਹ-ਸ਼ਾਦੀ, ਬਿਮਾਰੀ ਤੇ ਮੌਤ ਸਮੇਂ ਮਿਲਣ ਵਾਲੀ ਐਮਰਜੈਂਸੀ ਛੁੱਟੀ ਦਾ ਹਕੀਕੀ ਮੰਤਵ ਤਾਂ ਹੀ ਹਾਸਲ ਹੋ ਸਕਦਾ ਹੈ ਜੇ ਇਹ ਸਮੇਂ ਸਿਰ ਮਿਲ ਜਾਵੇ। ਮੌਜੂਦਾ ਕਾਨੂੰਨ ਮੁਤਾਬਕ ਜਿਸ ਤਰ੍ਹਾਂ ਪੁਲਸ ਤੇ ਪੰਚਾਇਤੀ ਰਿਪੋਰਟ ਮੰਗਕੇ ਇਹ ਛੁੱਟੀ ਦਿੱਤੀ ਜਾਂਦੀ ਹੈ, ਨਾ ਸਿਰਫ ਇਸ ਨਾਲ ਰਿਸ਼ਵਤ-ਖੋਰੀ ਕਾਰਨ ਬੇਥਾਹ ਖਰਚਾ ਹੁੰਦਾ ਹੈ, ਜਿਹੜਾ ਪਹਿਲਾਂ ਹੀ ਦੁਖੀ ਕੈਦੀ ਤੇ ਉਸਦੇ ਪਰਿਵਾਰ ਨੂੰ ਹੋਰ ਦੁਖੀ ਕਰਦਾ ਹੈ ਸਗੋਂ ਇਹ ਇੰਨੀ ਦੇਰ ਨਾਲ ਮਿਲਦੀ ਹੈ ਕਿ ਉਸ ਸਮੇਂ ਤੱਕ ਉਹ ਮੰਤਵ ਹੀ ਬੇਕਾਰ ਹੋ ਜਾਂਦਾ ਹੈ, ਜਿਸ ਲਈ ਇਸਦੀ ਜ਼ਰੂਰਤ ਹੁੰਦੀ ਹੈ। ਇਹ ਛੁੱਟੀ ਨੂੰ ਫੌਰੀ ਮਿਲਣ ਲਈ ਇਸਦਾ ਅਧਿਕਾਰ ਜੇਲ ਸੁਪਰਡੈਂਟ ਨੂੰ ਦਿਤਾ ਜਾਵੇ ਜਿਹੜਾ ਡਾਕਟਰੀ ਜਾਂ ਪਿੰਡ ਦੇ ਪੰਜ ਵਸਨੀਕਾਂ ਦੀ ਰਿਪੋਰਟ ਆਉਣ ਤੋਂ ਤਿੰਨ ਦਿਨਾਂ ਦੇ ਅੰਦਰ ਅੰਦਰ ਫੈਸਲਾ ਕਰੇ। ਤੁਹਾਨੂੰ ਪਹਿਲਾਂ ਕਾਨੂੰਨ ਰੱਦ ਕਰਕੇ ਅਜਿਹਾ ਨਵਾਂ ਕਾਨੂੰਨ ਬਨਾਉਣਾ ਚਾਹੀਦਾ ਹੈ।

**3. ਕੈਦੀਆਂ ਦੇ ਪ੍ਰੀਵਾਰਾਂ ਦੀ ਸੰਭਾਲ ਬਾਰੇ :—**

ੳ. ਇਹ ਨਾ-ਝੁਠਲਾਏ ਜਾਣ ਵਾਲੀ ਹਕੀਕਤ ਹੈ ਕਿ ਕਿਸੇ ਜੁਰਮ ਨਾਲ ਸੰਬੰਧਤ ਮੁਜਰਮ ਦੀ ਜੁੰਮੇਵਾਰੀ ਨਿਰੋਲ ਵਿਅਕਤੀਗਤ ਹੁੰਦੀ ਹੈ ਇਸ ਕਰਕੇ ਉਸਦੀ ਸਜ਼ਾ ਵੀ ਸੰਬੰਧਤ ਦੋਸ਼ੀ ਨੂੰ ਵਿਅਕਤੀਗਤ ਤੌਰ ਤੇ ਮਿਲਣੀ ਚਾਹੀਦੀ ਹੈ। ਪਰ ਸਾਡੇ ਸਮਾਜ ਦੇ ਮੌਜੂਦਾ ਕਾਨੂੰਨਾਂ ਅਨੁਸਾਰ ਕਿਸੇ ਉਮਰ ਕੈਦੀ ਦੇ ਕੇਸ ਦੀ ਪੈਰਵਾਈ ਲਈ

ਪਹਿਲਾਂ ਜਿਵੇਂ ਮਣਾਂਮੂੰਹੀ ਖਰਚਾ ਹੁੰਦਾ ਹੈ ਅਤੇ ਜਿਵੇਂ ਬਾਅਦ 'ਚ ਕਿਸੇ ਪਰਿਵਾਰ ਦੇ ਇਕ ਜਾਂ ਵੱਧ ਜੀਅ ਜੇਲ 'ਚ ਬੰਦ ਹੋਣ ਕਰਕੇ ਆਮਦਨ ਨੂੰ ਮੌਂਦੇ ਲੱਗ ਜਾਂਦੇ ਹਨ, ਉਸ ਨਾਲ ਨਾ ਸਿਰਫ ਉਹ ਕੈਦੀ ਸਗੋਂ ਉਸਦਾ ਪੂਰਾ ਪਰਿਵਾਰ ਹੀ ਸਜ਼ਾ ਭੁਗਤਦਾ ਹੈ। ਆਰਥਕ ਤੌਰ ਤੇ ਟੁੱਟੇ ਅਤੇ ਕਰਜ਼ਾਈ ਪਰਿਵਾਰ ਉਪਰ ਮੁਸ਼ਕਲਾਂ ਦਾ ਪਹਾੜ ਆ ਡਿੱਗਦਾ ਹੈ। ਉਨ੍ਹਾਂ ਦੇ ਬੱਚਿਆਂ ਦੀ ਚੰਗੀ ਪੜ੍ਹਾਈ ਤੇ ਪਾਲਣ ਪੋਸਣ ਤਾਂ ਕਿਤੇ ਰਿਹਾ ਸਗੋਂ ਢਿੱਡ ਤੋਰਨ ਲਈ ਟੁਕੜਿਆਂ ਦੀ ਸਮੱਸਿਆ ਹੀ ਖੜੀ ਹੋ ਜਾਂਦੀ ਹੈ। ਧੀਆਂ-ਭੈਣਾਂ ਦੇ ਵਿਆਹ ਰੁਕ ਜਾਂਦੇ ਹਨ ਤੇ ਬੁੱਢੇ ਮਾਪੇ ਫਿਕੇਰਾਂ ਦੀ ਤਾਬ ਨਾ ਝੱਲਦੇ ਹੋਏ ਦਮ ਤੋੜ ਜਾਂਦੇ ਹਨ। ਸਮੂਹ ਟੱਬਰ ਦੀਆਂ ਰੀਝਾਂ, ਸੱਧਰਾਂ ਤੇ ਲੋੜਾਂ ਦਾ ਇਹ ਕਤਲੇਆਮ ਨਾ ਸਿਰਫ ਸੁਧਾਰ ਤੋਂ ਉਲਟ ਕੈਦੀਆਂ ਦੇ ਮਨ 'ਚ ਕੁੜੱਤਣ, ਗੁੱਸਾ ਤੇ ਬਦਲੇ ਦੀ ਭਾਵਨਾ ਭਰਦਾ ਹੈ ਸਗੋਂ ਪਰਿਵਾਰ ਦੇ ਦੂਜੇ ਜੀਆਂ ਨੂੰ ਵੀ ਚੰਗੇ ਤੇ ਜ਼ੁੰਮੇਵਾਰ ਨਾਗਰਕ ਬਨਣ ਤੋਂ ਭਟਕਾ ਕੇ ਮੁਜਰਮਾਨਾ ਰਾਹ 'ਤੇ ਧੱਕਦਾ ਹੈ। ਸਾਡੇ ਸਮਾਜ ਚੋਂ ਜ਼ੁਰਮਾਂ ਦਾ ਖਾਤਮਾ ਅਤੇ ਮਾਨਸਕ ਰੋਗਾਂ ਦੇ ਕੈਦੀਆਂ ਦੇ ਸੁਧਾਰ ਲਈ ਇਹ ਹਾਲਤ ਬਦਲਣੀ ਬਹੁਤ ਜ਼ਰੂਰੀ ਹੈ। ਅਜਿਹਾ ਤਦ ਹੀ ਸੰਭਵ ਹੋ ਸਕਦਾ ਹੈ ਜੇ ਅਸੀਂ ਉਮਰ ਕੈਦੀਆਂ ਦੇ ਟੱਬਰਾਂ ਦੀ ਸੰਭਾਲ ਕਰਨ ਦਾ ਜ਼ੁੰਮਾ ਓਟੀਏ।

ਅ. ਇਸ ਸਹੀ ਤੇ ਉਸਾਰੂ ਸੋਚ ਦਾ ਖੰਡਨ ਕਰਦੀ ਇਹ ਵਿਰੋਧੀ ਦਲੀਲ ਆ ਸਕਦੀ ਹੈ ਕਿ ਜਿੰਨਾਂ ਚਿਰ ਕੈਦੀਆਂ ਦੇ ਪਰਿਵਾਰਾਂ ਨੂੰ ਤਕੜਾ ਸੇਕ ਨਹੀਂ ਲੱਗੂ, ਉਹ ਜ਼ੁਰਮਾਂ ਤੋਂ ਤੌਬਾ ਕਿਵੇਂ ਕਰਨਗੇ? ਇਹ ਬਦਲਾ ਲਊ ਭਾਵਨਾ ਨਾ ਤਾਂ ਇਖਲਾਕੀ ਤੇ ਸੰਵਿਧਾਨਕ ਪੱਖੋਂ ਦਰੁਸਤ ਹੈ ਤੇ ਨਾ ਹੀ ਸਮਾਜ ਤੇ ਕੈਦੀਆਂ ਦੀ ਭਲਾਈ ਪੱਖੋਂ। ਇਹ ਕਿਸੇ ਜਾਬਰ, ਡਿਕਟੇਟਰ ਤੇ ਬੁਰਜ਼ੀਵਾਦੀ ਦੀ ਸਮਝ ਤਾਂ ਹੋ ਸਕਦੀ ਹੈ ਪਰ ਇਹ ਕਿਸੇ ਤਰ੍ਹਾਂ ਵੀ ਰੋਗੀ ਦਾ ਇਲਾਜ ਕਰਨ ਵਾਲੀ ਡਾਕਟਰੀ ਤੇ ਉਸਾਰੂ ਪਹੁੰਚ ਕਦਾਚਿਤ ਨਹੀਂ ਹੋ ਸਕਦੀ। ਇਹ ਗਲਤ ਪਹੁੰਚ ਇਸ ਸੱਚਾਈ ਤੋਂ ਅੱਖਾਂ ਮੀਟਦੀ ਹੈ ਕਿ ਡਰ ਦਹਿਸ਼ਤ ਤੇ ਬਦਲਾ ਕਿਸੇ ਤਰ੍ਹਾਂ ਵੀ ਜ਼ੁਰਮਾਂ ਤੇ ਮੁਜਰਮਾਂ ਦਾ ਖਾਤਮਾ ਨਹੀਂ, ਸਗੋਂ ਵਾਧਾ ਕਰਦੇ ਹਨ। ਸਾਨੂੰ ਅਜਿਹੀਆਂ ਫਜ਼ੂਲ ਦਲੀਲਾਂ ਨੂੰ ਉੱਕਾ ਹੀ ਵਜ਼ਨ ਨਹੀਂ ਦੇਣਾ ਚਾਹੀਦਾ।

ਕੈਦੀ-ਪਰਿਵਾਰਾਂ ਦੀ ਸੰਭਾਲ ਪੱਖੋਂ ਜੇਲ-ਭਲਾਈ ਦਫਤਰ ਨੂੰ ਜ਼ੁੰਮੇਵਾਰੀ ਦਿਤੀ ਜਾ ਸਕਦੀ ਹੈ। ਨਾ ਸਿਰਫ ਕੈਦੀਆਂ ਦੇ ਬੱਚਿਆਂ ਦੀ ਪੜ੍ਹਾਈ ਮੁਫਤ ਕਰਾਰ ਦਿਤੀ ਜਾਵੇ ਸਗੋਂ ਆਰਥਕ ਤੌਰ ਤੇ ਟੁੱਟੇ ਕੈਦੀਆਂ ਦਾ ਕੰਮ-ਕਾਰ ਚਲਾਉਣ ਲਈ ਬਿਨਾਂ ਸੂਦ ਕਰਜ਼ੇ ਦੇਣ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਕੈਦੀਆਂ ਤੇ ਉਨ੍ਹਾਂ ਦੇ ਪਰਿਵਾਰਿਕ ਮੈਂਬਰਾਂ ਨਾਲ ਰਾਇ-ਮਸ਼ਵਰਾ ਕਰਕੇ ਭਲਾਈ-ਦਫਤਰ ਨਾ ਸਿਰਫ ਉਨ੍ਹਾਂ ਦੇ ਘਰੇਲੂ ਕੰਮਾਂ 'ਚ ਮਦਦ ਕਰੇ ਸਗੋਂ ਕਿਸੇ ਵੇਲੇ ਉਨ੍ਹਾਂ ਨੂੰ ਤੰਗ ਕਰਨ ਤੋਂ ਰੋਕਣਾ ਵੀ ਯਕੀਨੀ ਬਣਾਵੇ। ਇਸ ਤਰ੍ਹਾਂ ਕੈਦੀ-ਪਰਿਵਾਰਾਂ ਦੀਆਂ ਸਮੱਸਿਆਵਾਂ ਹੱਲ ਕਰਨ 'ਚ ਸਹਾਈ ਹੋ ਕੇ ਹੀ ਉਨ੍ਹਾਂ ਨੂੰ ਮੁਜ਼ਰਮਾਨਾ ਰਾਹ ਤੋਂ ਰੱਕਿਆ ਜਾ ਸਕਦਾ ਹੈ, ਜਿਸ ਨਾਲ ਸਾਡੇ ਸਮੁੱਚੇ ਸਮਾਜ ਤੇ ਲੋਕਾਂ ਦਾ ਭਲਾ ਹੈ।

**4. ਉਮਰ-ਕੈਦੀਆਂ ਦੀ ਰਿਹਾਈ ਤੋਂ ਬਾਅਦ ਦੀਆਂ ਸਮੱਸਿਆਵਾਂ ਬਾਰੇ :—**

ੳ. ਸਾਡੇ ਸਮਾਜ ਚੋਂ ਜ਼ੁਰਮਾਂ ਦੇ ਖਾਤਮੇ ਲਈ ਕੈਦੀਆਂ ਨੂੰ ਜ਼ੁੰਮੇਵਾਰ ਨਾਗਰਕ ਬਨਾਉਣ ਲਈ ਰਿਹਾਈ ਤੋਂ ਬਾਅਦ ਉਮਰ ਕੈਦੀਆਂ ਦੇ ਪੁਨਰਵਾਸ ਲਈ ਕਦਮ ਚੁੱਕਣ ਦੀ ਬੇਹੱਦ ਅਹਿਮ ਮਹੱਤਤਾ ਹੈ। ਅਜਿਹਾ ਕਰੇ ਬਿਨ੍ਹਾਂ ਉਨ੍ਹਾਂ ਦੇ ਸੁਧਾਰ ਦੀਆਂ ਗੱਲਾਂ ਸ਼ੇਖਚਿਲੀ ਦਾ ਸੁਪਨਾ ਬਣਕੇ ਰਹਿ ਜਾਣਗੀਆਂ। ਸਾਨੂੰ ਇਹ ਧਿਆਨ 'ਚ ਰੱਖਣ ਦੀ ਜ਼ਰੂਰਤ ਹੈ ਕਿ ਜੇਕਰ ਆਰਥਕ ਤੌਰ ਤੇ ਤਬਾਹ ਹੋਏ ਅਜਿਹੇ ਕੈਦੀਆਂ ਨੂੰ ਲੋੜੀਂਦੇ ਰੁਜ਼ਗਾਰ ਤੇ ਕੰਮਕਾਰ ਚਲਾਉਣ ਦੇ ਮੌਕੇ ਮੁਹੱਈਆ ਨਹੀਂ ਕੀਤੇ ਜਾਂਦੇ, ਤਾਂ ਉਹ ਕੁਦਰਤੀ ਹੀ ਗੈਰ-ਕਾਨੂੰਨੀ ਤੇ ਮੁਜਰਮਾਨਾ ਰਾਹਾਂ ਤੇ ਪੈਣ ਲਈ ਮਜਬੂਰ ਹੋ ਜਾਣਗੇ। ਕੈਦੀਆਂ ਦੇ ਮੁੜ-ਵਸੇਬੇ ਲਈ ਉਨ੍ਹਾਂ ਦੇ ਹੁਨਰ ਤੇ ਪਸੰਦੀ ਅਨੁਸਾਰ ਨੌਕਰੀ ਦਿਵਾਉਣ, ਖੇਤੀਬਾੜੀ ਜਾਂ ਹੋਰ ਵਪਾਰ ਚਲਾਉਣ ਲਈ ਬਿਨਾਂ-ਸੂਦ ਕਰਜ਼ੇ ਦੇਣ ਤੇ ਉਨ੍ਹਾਂ ਨੂੰ ਬੇਲੋੜਾ ਤੰਗ ਤੇ ਖੱਜਲ ਕਰਨ ਦੀ ਥਾਂ ਹਮਦਰਦੀ ਤੇ ਮਦਦਗਾਰ ਰਵੱਈਆ ਅਪਨਾਉਣ ਦੇ ਕਾਨੂੰਨੀ ਪ੍ਰਬੰਧ ਕਰਨੇ ਚਾਹੀਦੇ ਹਨ।

ਅ. ਆਖਿਆ ਜਾ ਸਕਦਾ ਹੈ ਕਿ ਕੈਦੀਆਂ ਦੇ ਪੁਨਰਵਾਸ ਲਈ ਪਹਿਲਾਂ ਹੀ ਕਮੇਟੀਆਂ ਮੌਜੂਦ ਹਨ। ਸਚਾਈ ਇਹ ਹੈ ਕਿ ਇਨ੍ਹਾਂ ਦੀ ਸਾਰੀ ਕਾਰਗੁਜ਼ਾਰੀ ਨਿਰੋਲ ਕਾਗਜ਼ੀ ਹੈ, ਹਕੀਕੀ ਕੁਝ ਨਹੀਂ। "ਮੌਜੂਦਾ "ਪੁਨਰਵਾਸ ਕਮੇਟੀਆਂ" ਦੇ ਨਿਪੁੰਸਕ ਰੋਲ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ 99% ਕੈਦੀਆਂ ਨੂੰ ਇਨ੍ਹਾਂ ਦੇ ਹੋਂਦ ਬਾਰੇ ਵੀ ਜਾਣਕਾਰੀ ਨਹੀਂ। ਇਹ ਪੁਨਰਵਾਸ ਕਮੇਟੀਆਂ ਤਾਂ ਹੀ ਸਹੀ ਰੋਲ ਨਿਭਾ ਸਕਦੀਆਂ ਹਨ ਜੇਕਰ ਇਨ੍ਹਾਂ 'ਚ ਸਰਕਾਰੀ ਨੁਮਾਇੰਦਿਆਂ ਤੋਂ ਇਲਾਵਾ ਅਗਾਂਹਵਧੂ ਤੇ ਸਮਾਜ-ਸੁਧਾਰਕ ਸੰਸਥਾਵਾਂ ਤੇ ਵਿਅਕਤੀਆਂ ਨੂੰ ਵੀ ਨੁਮਾਇੰਦਗੀ ਦਿਤੀ ਜਾਵੇ, ਸਰਕਾਰ ਕਮੇਟੀ ਤੋਂ ਮਾਸਕ ਰਿਪੋਰਟ ਮੰਗੇ ਕਿ ਇਸਨੇ ਰਿਹਾਅ ਹੋਏ ਕਿੰਨੇ ਕੈਦੀਆਂ ਦੇ ਵਸੇਬੇ ਲਈ ਕੀ ਕੀ ਕਦਮ ਚੁੱਕੇ, ਤੇ ਇਸ ਰਿਪੋਰਟ ਦੀ ਸਹੀ ਛਾਣਬੀਣ ਕਰਨ ਲਈ ਇਸਨੂੰ ਜਨਤਕ ਤੌਰ 'ਤੇ ਪ੍ਰਕਾਸ਼ਤ ਕਰਨ

ਦੇ ਪ੍ਰਬੰਧ ਈ ਕੀਤੇ ਜਾਣ। ਸੋ ਕੈਦੀਆਂ ਦੇ ਪੁਨਰਵਾਸ ਲਈ ਹਕੀਕੀ ਕਮੇਟੀਆਂ ਬਨਾਓਣ ਤੇ ਇਨ੍ਹਾਂ ਦੀ ਪੁੱਛ-ਪੜਤਾਲ ਯਕੀਨੀ ਬਨਾਓਣ ਲਈ ਕਾਨੂੰਨੀ ਕਦਮ ਚੁੱਕਣੇ ਚਾਹੀਦੇ ਹਨ।

## ਅੰਦਰਲੀ ਜ਼ਿੰਦਗੀ ਨਾਲ ਸੰਬੰਧਤ ਸਮਸਿਆਵਾਂ

**5. ਮੁਸ਼ੱਕਤਾਂ ਬਾਰੇ :**

ੳ) ਕੈਦੀਆਂ ਦੀ ਮਾਨਸਕ ਤੇ ਸਰੀਰਕ ਤੰਦ-ਰੁਸਤੀ ਲਈ ਮੁਸ਼ੱਕਤਾਂ ਦਾ ਰੋਲ ਵੀ ਮਹੱਤਵਪੂਰਨ ਹੈ। ਜੇਲ੍ਹ 'ਚ ਮੁਸ਼ੱਕਤਾਂ ਪੱਖੋਂ ਕੰਮ ਦੀ ਕਿਸਮ ਅਜਿਹੀ ਹੋਣੀ ਚਾਹੀਦੀ ਹੈ, ਜਿਹੜੀ ਕੈਦੀਆਂ ਦੀ ਰਚਨਾਤਮਕ ਸ਼ਕਤੀ ਨੂੰ, ਉਜਾਗਰ ਤੇ ਪ੍ਰਫੁੱਲਤ ਕਰਨ ਅਤੇ ਉਨ੍ਹਾਂ ਨੂੰ ਸਵੈ-ਨਿਰਭਰ ਬਨਾਉਣ ਦਾ ਸਾਧਨ ਬਣੇ। ਅਜਿਹੇ ਕੰਮਕਾਰ ਤੋਂ ਬਿਨਾਂ ਮੁਸ਼ੱਕਤ ਮਹਿਜ਼ ਮਜਬੂਰੀ ਬਣਕੇ ਰਹਿ ਜਾਂਦੀ ਹੈ ਉਹ ਕਿਸੇ ਤਰ੍ਹਾਂ ਵੀ ਕੈਦੀਆਂ ਦੇ ਗਹਿਰੇ ਲਗਾਵ੍ਹਾਂ ਤੇ ਦਿਲਚਸਪੀ ਦਾ ਕੇਂਦਰ ਨਹੀਂ ਬਣਦੀ।

ਅ) ਲੰਗਰ, ਬਾਣ-ਵੱਟਣ, ਖੱਡੀਆਂ, ਤਾਣਾ, ਚਰਖਾ, ਰੰਗ, ਗੋਲੇ-ਪੰਜੇ, ਸਫਾਈ ਕਰਨ ਆਦਿ ਤੇ ਅਜਿਹੀਆਂ ਹੋਰ ਫਜ਼ੂਲ ਮੁਸ਼ੱਕਤਾਂ ਤੁਰੰਤ ਬੰਦ ਹੋਣੀਆਂ ਚਾਹੀਦੀਆਂ ਹਨ, ਜਿਹੜੀਆਂ ਨਾ ਸਿਰਫ਼ ਰਿਹਾਈ ਤੋਂ ਬਾਅਦ ਕੈਦੀ ਦੇ ਕਿਸੇ ਕੰਮ ਨਹੀਂ ਆਉਂਦੀਆਂ, ਸਗੋਂ ਜੇਲ੍ਹ-ਅਧਿਕਾਰੀਆਂ ਨੂੰ ਰਿਸ਼ਵਤ-ਬਟੋਰਨ ਦਾ ਸੰਦ ਬਣਦੀਆਂ ਹਨ। ਅਕਸਰ ਹੀ ਜੇਲ੍ਹ-ਅਧਿਕਾਰੀ ਕੈਦੀਆਂ ਤੋਂ ਵੱਢੀ ਲੈਣ ਲਈ ਅਜਿਹੀ ਔਖੀ ਤੇ ਬੇ-ਮੰਤਵ ਮੁਸ਼ੱਕਤ 'ਚ ਪਾ ਦਿੰਦੇ ਹਨ। ਰਿਸ਼ਵਤ ਲੈ ਕੇ ਕੱਢਣ ਤੇ ਨਵੇਂ ਕੈਦੀ ਪਾਉਣ ਦਾ ਸਿਲਸਿਲਾ ਨਿਰੰਤਰ ਜਾਰੀ ਰਹਿੰਦਾ ਹੈ। ਜਿਥੇ ਉਪਰੋਕਤ ਮੁਸ਼ੱਕਤਾਂ 'ਚੋਂ ਬਾਕੀ ਉਂਈ ਖਤਮ ਹੋਣੀਆਂ ਚਾਹੀਦੀਆਂ ਹਨ, ਉਥੇ ਲੰਗਰ ਤੇ ਸਫਾਈ ਲਈ ਮੁਲਾਜ਼ਮ ਰੱਖੇ ਜਾਣ।

ੲ) ਹੌਜ਼ਰੀ, ਪਾਵਰਲੂਮਾਂ, ਫੌਂਡਰੀ, ਖਰਾਦ, ਪ੍ਰੈਸ ਸ਼ੇਪਰ ਤੋਂ ਇਲਾਵਾ ਟੀ.ਵੀ., ਰੇਡੀਓ, ਘੜੀ, ਮੋਟਰ, ਟਰੈਕਟਰਾਂ ਮਕੈਨਿਕ ਮੁਸ਼ੱਕਤਾ ਸ਼ੁਰੂ ਕਰਨ ਦੀ ਲੋੜ ਤੇ ਇਸਦੇ ਨਾਲ ਸਾਹਿਤਕ-ਲੇਖਕਾਂ ਨੂੰ ਸਾਹਿਤ-ਰਚਨਾ ਵੀ। ਮੁਸ਼ੱਕਤ ਕਰਾਰ ਦਿੱਤੀ ਜਾਵੇ। ਇਹ ਹੁਨਰ ਹੀ ਅਜੋਕੇ ਸਮਾਜ ਦੀਆਂ ਲੋੜਾਂ ਤੇ ਪੂਰੇ ਉਤਰਦੇ ਹਨ।

ਸ) ਕੈਦੀਆਂ ਨੂੰ ਮੁਸ਼ੱਕਤ ਪੱਖੋਂ ਜੇਲ੍ਹ ਦੀ ਬਾਂ ਬਾਹਰ ਵੱਡੀਆਂ ਫੈਕਟਰੀਆਂ 'ਚ ਕੰਮ ਕਰਵਾਉਣ ਦਾ ਤਜ਼ਰਬਾ ਵੀ ਲਾਗੂ ਕਰਨਾ ਚਾਹੀਦਾ ਹੈ। ਅਜਿਹਾ ਤਜ਼ਰਬਾ ਕੈਦੀਆਂ ਦੇ ਸਮਾਜਕ ਤੇ ਮਾਨਸਕ ਵਿਹਾਰ ਨੂੰ ਉਸਾਰੂ ਪੱਖੋਂ ਤਬਦੀਲ ਕਰਨ ਲਈ ਬੜਾ ਹੀ ਸਹਾਈ ਸਿੱਧ ਹੋ ਸਕਦਾ ਹੈ। ਇਕ ਤਾਂ ਇਸ ਨਾਲ ਮਾਨਸਕ-ਰੋਗ ਦੇ ਗਰੱਸੇ ਕੈਦੀਆਂ ਨੂੰ ਸਮਾਜ ਦੇ ਜਾਨਦਾਰ ਅੰਗਾਂ ਨਾਲ ਸਾਂਝਾ ਕੰਮ ਕਰਦੇ ਸਮੇਂ ਉਨ੍ਹਾਂ ਦੀ ਉਸਾਰੂ ਸੋਚ ਤੇ ਵਿਹਾਰ ਨੂੰ ਗ੍ਰਹਿਣ ਕਰਨ ਦਾ ਮੌਕਾ ਮਿਲੂ, ਦੂਜਾ ਕੈਦੀਆਂ ਦੇ ਸੁਧਾਰ ਤੇ ਸ਼ਖਸੀਅਤ ਨੂੰ 'ਨੇੜਿਓਂ' ਵਾਚਣ ਤੇ ਸਮਝਣ ਕਰਕੇ ਬਾਹਰਲੇ ਲੋਕਾਂ ਦਾ ਵਿਹਾਰ ਉਨ੍ਹਾਂ ਨਾਲ ਦਰੁਸਤ ਹੋਵੇਗਾ। ਦੋਨਾਂ ਪੱਖਾਂ ਦਾ ਲਾਜ਼ਮੀ ਅਸਰ ਜ਼ਰੂਰ ਹੀ ਕੈਦੀਆਂ ਦੇ ਸੁਧਾਰ ਤੇ ਵਿਕਾਸ ਲਈ ਲਾਹੇਵੰਦਾ ਹੋਵੇਗਾ।

ਫਰਾਰੀ ਤੇ ਅਮਨ ਕਾਨੂੰਨ ਦੇ ਸੰਭਾਵਿਤ ਖਤਰੇ ਨੂੰ ਮੱਦੇ-ਨਜ਼ਰ ਰੱਖਦਿਆਂ ਦੋ ਜਾਂ ਤਿੰਨ ਸਾਲ ਸਜ਼ਾ ਕੱਟਣ ਦੀ ਮਿਆਦ, ਲੋੜੀਂਦੀ ਗਾਰਦ ਤੇ ਬੰਦ ਜੀਪਾਂ ਤੋਂ ਬਿਨ੍ਹਾਂ ਜ਼ਮਾਨਤ ਦੀ ਸ਼ਰਤ ਲਾਈ ਜਾ ਸਕਦੀ ਹੈ। ਜ਼ਰੂਰੀ ਕਦਮ ਚੁੱਕਕੇ ਇਸਨੂੰ ਲਾਗੂ ਕਰਨ ਲਈ ਕਾਨੂੰਨੀ ਕਦਮ ਚੁੱਕੇ ਜਾਣੇ ਚਾਹੀਦੇ ਹਨ।

**6) ਉਜਰਤਾਂ ਬਾਰੇ :**

ੳ) ਸਾਡੇ ਦੇਸ਼ ਦਾ ਸੰਵਿਧਾਨ ਬੰਧਕ-ਮਜ਼ਦੂਰਾਂ ਦੀ ਇਜਾਜ਼ਤ ਨਹੀਂ ਦਿੰਦਾ। ਇਸ ਕਰਕੇ ਕੈਦੀਆਂ ਦੇ 'ਕੰਮਕਾਰ ਦਾ ਉਚਿੱਤ ਮੁਆਵਜ਼ਾ ਦੇਣਾ ਯਕੀਨੀ ਬਣਾ-ਇਆ ਜਾਣਾ ਚਾਹੀਦਾ ਹੈ, ਕਿਉਂਕਿ ਕੈਦੀ ਹੋਣ ਦਾ ਇਹ ਕਦਾਚਿਤ ਅਰਥ ਨਹੀਂ ਕਿ ਉਸਦੀ ਮਿਹਨਤ ਦਾ ਵਾਜ਼ਬ ਮੁੱਲ ਨਾ ਮਿਲੇ।

ਅ) ਕੈਦੀਆਂ ਤੇ ਉਸਦੇ ਕੰਗਾਲ ਹੋਏ ਪ੍ਰੀਵਾਰ ਦੇ ਸੁਧਾਰ, ਜ਼ੁਰਮਾਂ ਦੇ ਖਾਤਮੇ ਤੇ ਸਮਾਜ ਦੇ ਭਲੇ ਲਈ ਕੈਦੀਆਂ ਨੂੰ ਦਿੱਤੀ ਵਾਜਬ ਤਨਖਾਹ ਦਾ ਬਹੁਤ ਮਹੱਤਵ ਹੈ। ਜੇ ਕੈਦੀ ਨੂੰ ਸੱਚਮੁੱਚ ਹੀ ਤਨਖਾਹ ਮਿਲੇ, ਜਿਸ ਨਾਲ ਉਹ ਆਪਣੇ ਖਰਚੇ ਤੋਂ ਇਲਾਵਾ ਅਪਣੇ ਪ੍ਰੀਵਾਰ ਦਾ ਭਾਰ ਵੀ ਕੁਝ ਹਲਕਾ ਕਰ ਸਕੇ ਤਾਂ ਉਹ ਕਿੰਨੇ ਹੀ ਗ਼ਲਤ ਵਿਚਾਰਾਂ ਤੇ ਅਮਲਾਂ ਤੋਂ ਛੁਟਕਾਰਾ ਪਾ ਸਕਦਾ ਹੈ।

ੲ) ਸਾਡੇ ਮੌਜੂਦਾ ਕਾਨੂੰਨ ਅਨੁਸਾਰ ਮਿਲਣ ਵਾਲੀ ਤਨਖਾਹ ਪਹਿਲੀ ਤਾਂ ਸਾਰਿਆਂ ਨੂੰ ਨਹੀਂ ਮਿਲਦੀ ਅਤੇ ਦੂਜੀ ਜਿਨ੍ਹਾਂ ਨੂੰ ਮਿਲਦੀ ਹੈ ਉਹ ਰੋਜ਼ਾਨਾ ਅੱਠ ਆਨੇ ਤੋਂ ਇਕ ਰੁਪਈਆ ਤੱਕ ਦਿੱਤੀ ਜਾਂਦੀ ਹੈ। ਅੰਗਰੇਜ਼ੀ ਰਾਜ ਸਮੇਂ ਜਦੋਂ ਇਹ ਤਹਿ ਕੀਤੀ ਸੀ, ਉਸ ਸਮੇਂ ਅੱਠ ਆਨੇ ਜਾਂ ਰੁਪਏ ਦਾ ਵੱਡਾ ਮੁੱਲ ਸੀ, ਜਿਸ ਨਾਲ ਇਕ ਪਰਿਵਾਰ ਦੀਆਂ ਬਹੁਤ ਲੋੜਾਂ ਸਰ ਸਕਦੀਆਂ ਸਨ। ਜੇ ਅਸੀਂ 1920 21 ਦੇ ਸਮੇਂ 'ਚ ਅੰਡੇਮਾਨ ਤੇ ਨਿਕੋਬਾਰ ਟਾਪੂਆਂ, ਜਿੰਨ੍ਹਾਂ ਨੂੰ ਕਾਲੇ ਪਾਣੀ ਦੀ ਬਦਨਾਮ ਸਜ਼ਾ ਦੇ ਤੌਰ ਤੇ ਯਾਦ ਕੀਤਾ ਹੈ, ਵਿਚਲੇ ਕੈਦੀਆਂ ਦੀ ਤਨਖਾਹ ਤੇ ਝਾਤ ਮਾਰੀਏ ਤਾਂ ਵੇਖਿਆ ਜਾ ਸਕਦਾ ਹੈ ਕਿ ਉਸ ਸਮੇਂ ਇਕ ਸੀਨੀਅਰ (ਵਾਚਮੈਨ) ਕੈਦੀ ਦੀ ਮਾਸਕ ਤਨਖਾਹ ਸਵਾ ਸੱਤ ਰੁਪਏ ਸੀ, ਜਦੋਂ ਕਿ ਉਸ ਸਮੇਂ ਇਕ ਫੌਜੀ ਨੂੰ

9 ਰੁਪਏ ਮਿਲਦੇ ਸਨ। ਜੇ ਉਦੋਂ ਦੇ ਸਵਾ ਸੱਤ ਰੁਪਏ ਨੂੰ ਹੁਣ ਤੱਕ ਵਧੀ ਮਹਿੰਗਾਈ ਦੇ ਅੰਕੜਿਆਂ ਦਾ ਅਨੁਪਾਤ ਕੱਢੀਏ ਤਾਂ ਅੱਜ ਲਗਭਗ ਸੱਤ-ਅੱਠ ਸੌ ਰੁਪਏ ਬਣਦੇ ਹਨ। ਫੇਰ ਵੀ ਪੌਣੀ ਸਦੀ ਪਹਿਲਾਂ ਤਹਿ ਕੀਤੀ ਉਜਰਤ ਨੂੰ ਅੱਜ ਵੀ ਲਾਗੂ ਕਰਨਾ ਸਾਡੇ ਨਾਲ ਹਾਸੋਹੀਣਾ ਮਜ਼ਾਕ ਨਹੀਂ ?

ਸ) ਹਾਈਕੋਰਟ ਬਿਹਾਰ ਨੇ ਇਕ ਫੈਸਲੇ ਅਨੁਸਾਰ ਕੈਦੀਆਂ ਦੀ ਘੱਟੋ-ਘੱਟ ਤਨਖ਼ਾਹ ਅੱਠ ਰੁਪਏ, ਰੋਜ਼ਾਨਾ ਮਿੱਥੀ ਹੈ। ਅਸੀਂ ਇਸਨੂੰ ਬਹੁਤ ਵਾਜਬ ਸਮਝਦੇ ਹਾਂ। ਤੁਹਾਨੂੰ ਵੀ ਹਰ ਕੈਦੀ ਨੂੰ ਘਟੋ ਘਟ 8 ਰੁਪਏ, ਤਨਖਾਹ ਤਿੰਨ ਹਿੱਸਿਆਂ 'ਚ ਵੰਡੀ ਜਾਵੇ। ਜਿਨ੍ਹਾਂ 'ਚੋਂ ਇਕ ਕੈਦੀ ਨੂੰ ਅਪਣੇ ਖਰਚੇ ਤੇ ਇਕ ਹਿੱਸਾ ਕੈਦੀ ਦੇ ਟੱਬਰ ਨੂੰ ਭੇਜਣ ਤੋਂ ਇਲਾਵਾ ਤੀਜਾ ਹਿੱਸਾ ਮੁਦਈ ਦੇ ਪਰਿਵਾਰ ਨੂੰ ਦਿੱਤਾ ਜਾਵੇ। ਅਜਿਹਾ ਕਰਨ ਨਾਲ ਜਿਥੇ ਕੈਦੀ ਤੇ ਉਸਦੇ ਪਰਿਵਾਰ ਦੀ ਸੰਤੁਸ਼ਟੀ ਹੋਵੇਗੀ, ਉਥੇ ਮਰਨ ਵਾਲੇ ਦੇ ਟੱਬਰ ਨੂੰ ਵੀ ਲੋੜੀਂਦਾ ਸਹਾਰਾ ਮਿਲੇਗਾ। ਇਹ ਕਦਮ ਤੋਂ ਸਮਝਾਊ ਸਿਖਿਆ ਦੋਨਾਂ ਪਰਿਵਾਰਾਂ ਨੂੰ ਬਦਲੇ ਦੀ ਅੱਗ 'ਚੋਂ ਕੱਢ ਕੇ ਉਨ੍ਹਾਂ ਦੇ ਹਿਰਦਿਆਂ ਨੂੰ ਸ਼ਾਂਤ ਕਰਨ ਅਤੇ ਮੁੜ ਸਦਭਾਵਨਾ ਪੈਦਾ ਕਰਨ 'ਚ ਉਸਾਰੂ ਰੋਲ ਨਿਭਾਵੇਗਾ। ਨਤੀਜੇ ਵਜੋਂ ਜੁਰਮਾਂ ਤੇ ਮੁਜਰਮਾਂ ਦੇ ਵਾਧੇ 'ਚ ਠੱਲ ਪਾਉਣ 'ਚ ਸਫਲਤਾ ਹਾਸਲ ਹੋਵੇਗੀ।

**7. ਖਾਣੇ ਦੇ ਪ੍ਰਬੰਧ ਬਾਰੇ :**

ਅ) ਇਹ ਵੀ ਸੱਚ ਹੈ ਕਿ ਕਿਸੇ ਦੀ ਮਾਨਸਕ ਤੇ ਸਰੀਰਕ ਤੰਦਰੁਸਤੀ ਤੇ ਸਮਤੋਲ ਲਈ ਚੰਗੀ ਖੁਰਾਕ ਦੀ ਲੋੜ ਹੈ। ਪਰ ਇਹਦੇ ਬਾਵਜੂਦ ਆਜ਼ਾਦੀ ਤੋਂ ਪਹਿਲਾਂ ਤੇ ਬਾਅਦ 'ਚ, ਖਾਣੇ ਦੇ ਮਾਮਲੇ 'ਚ ਜੇਲਾਂ ਅੰਦਰ ਕਾਗਜ਼ਾਂ 'ਚ ਭਾਵੇਂ ਲੱਖ ਸੁਧਾਰ ਹੋਏ ਹੋਣ ਪਰ ਹਕੀਕਤ 'ਚ ਕੋਈ ਫ਼ਰਕ ਨਜ਼ਰ ਨਹੀਂ ਆਉਂਦਾ। ਕੈਦੀਆਂ ਨੂੰ ਅੱਧੀ ਕੱਚੀ ਤੇ ਮੱਚੀ ਤੰਦੂਰੀ ਰੋਟੀ ਮਿਲਦੀ ਹੈ, ਉਹ ਵੀ ਪੁਰਾਣੀ ਤੇ ਘਟੀਆ ਕਣਕ ਦੀ। ਹਰ ਡੰਗ ਇਕ ਸਬਜ਼ੀ ਇਕ ਦਾਲ ਮਿਲਣ ਦੀ ਵਿਵਸਥਾ ਦੇ ਬਾਵਜੂਦ ਸਿਰਫ ਇਕੋ ਦਿੱਤੀ ਜਾਂਦੀ ਹੈ। ਦਾਲ ਦੀ ਹਾਲਤ ਅਜਿਹੀ ਹੁੰਦੀ ਹੈ ਜਿਸ ਚੋਂ ਚੁੱਭੀ ਮਾਰਕੇ ਵੀ ਦਾਣਾ ਹੱਥ ਨਹੀਂ ਆਉਂਦਾ। ਸਬਜ਼ੀ ਅਸਲ ਤਾਂ ਮਿਲਦੀ ਹੀ ਨਹੀਂ ਜੇ ਕਦੇ ਮਿਲਦੀ ਵੀ ਹੈ ਤਾਂ ਉਸ ਸਮੇਂ ਜਦੋਂ ਉਹ ਪੱਕ ਕੇ ਅਜਿਹੀ ਹਾਲਤ 'ਚ ਜਾ ਪਹੁੰਚਦੀ ਹੈ ਜਿਸ ਨੂੰ ਪਸ਼ੂ ਵੀ ਨੱਕ ਮਾਰਕੇ ਖਾਂਦੇ ਹਨ। ਖੰਡ, ਚਾਹ ਤੇ ਦੁੱਧ ਦੀ ਕਮੀ ਕਰਕੇ ਦੋ ਡੰਗ ਮਿਲਣ ਵਾਲੀ ਚਾਹ ਅਜਿਹੀ ਬੱਕਲਕੱਤੀ ਹੁੰਦੀ ਹੈ ਕਿ ਪੀਂਦਿਆਂ ਚਿੱਤ ਕੱਚਾ ਹੁੰਦਾ ਹੈ। ਬਿਮਾਰੀ ਦੇ ਘਰ ਅਜਿਹੇ ਗੰਦੇ ਖਾਣੇ ਨੂੰ ਬਦਲਕੇ ਚੰਗੀ ਖੁਰਾਕ ਦਾ ਪ੍ਰਬੰਧ ਕਰੇ ਬਿਨ੍ਹਾਂ ਕੈਦੀਆਂ ਨੂੰ ਮਾਨਸਕ ਤੇ ਨਰੋਆ ਨਹੀਂ ਬਣਾਇਆ ਜਾ ਸਕਦਾ।

ਅ. ਚੰਗੇ ਖਾਣੇ ਦੇ ਪ੍ਰਬੰਧ ਲਈ ਵਧੀਆ ਕਣਕ ਦੀ ਰੋਟੀ ਤਵੀ ਦੀ ਮਿਲਣੀ ਚਾਹੀਦੀ ਹੈ। ਭਾਵੇਂ ਦੋਵਾਂ ਡੰਗਾਂ ਤੇ ਦੋ ਦੋ ਦੀ ਥਾਂ ਇਕ ਡੰਗ ਸਬਜ਼ੀ ਤੇ ਇਕ ਡੰਗ ਦਾਲ ਦੇਣ ਦੀ ਹੀ ਵਿਵਸਥਾ ਕੀਤੀ ਜਾਵੇ ਪਰ ਇਸ 'ਚ ਰਾਸ਼ਨ ਦੀ ਬਢੋਤਰੀ ਜ਼ਰੂਰ ਕੀਤੀ ਜਾਵੇ। ਸਬਜ਼ੀ ਹਰ ਹਾਲ ਹਰੀ ਤੇ ਕੱਚੀ ਮਿਲਣੀ ਚਾਹੀਦੀ ਹੈ ਜੇ ਇਹ ਜੇਲ੍ਹ 'ਚੋਂ ਮਹੱਈਆ ਨਾ ਕੀਤੀ ਜਾ ਸਕੇ ਤਾਂ ਬਾਜ਼ਾਰੋਂ ਮੰਗਵਾਉਣ ਦੀ ਆਗਿਆ ਦਿਤੀ ਜਾਵੇ। ਜਿਵੇਂ ਬੀ ਕਲਾਸੀਆਂ ਨੂੰ ਹਫਤੇ 'ਚ ਪੰਜ ਡੰਗ ਮੀਟ ਮਿਲਦਾ ਹੈ ਉਵੇਂ ਸਾਰੇ ਕੈਦੀਆਂ ਨੂੰ ਘੱਟੋ-ਘੱਟ ਦੋ ਡੰਗ ਜ਼ਰੂਰ ਮੀਟ ਮਿਲੇ। ਵਧੀਆ ਚਾਹ ਦੇ ਮੰਤਵ ਲਈ ਇਸ 'ਚ ਲੋੜੀਂਦਾ ਰਾਸ਼ਨ ਜ਼ਰੂਰ ਪਾਇਆ ਜਾਵੇ। ਇਸਤੋਂ ਬਿਨ੍ਹਾਂ ਹਰ ਕੈਦੀ ਨੂੰ ਦੋ ਡੰਗ ਦੀ ਚਾਹ ਤੋਂ ਬਿਨਾਂ ਮਿਲਦੇ 200 ਗ੍ਰਾਮ ਦੁੱਧ ਦੀ ਥਾਂ 400 ਗ੍ਰਾਮ ਦੁੱਧ ਦੇਣਾ ਲਾਜ਼ਮੀ ਬਣਾਇਆ ਜਾਵੇ।

**8. ਰਹਿਣ-ਸਹਿਣ ਬਾਰੇ :**

ਕੈਦੀਆਂ ਦੇ ਰਹਿਣ-ਸਹਿਣ ਦਾ ਮਨੁੱਖੀ ਪੱਧਰ ਬਨਾਉਣ ਲਈ ਹੇਠ ਲਿਖੇ ਕਦਮ ਚੁੱਕਣੇ ਜ਼ਰੂਰੀ ਹਨ।

ੳ. ਖੱਡਿਆਂ ਦੀ ਥਾਂ ਸਭ ਨੂੰ ਮੰਜੇ ਮੁਹੱਈਆ ਕੀਤੇ ਜਾਣ।

ਅ. ਛੇ ਮਹੀਨਿਆਂ 'ਚ ਹਰ ਕੈਦੀ ਨੂੰ ਦੋ ਕਮੀਜ਼-ਪਜਾਮੇ, ਦੋ ਤੌਲੀਏ, ਦੋ ਚਾਦਰਾਂ, ਦੋ ਨਿੱਕਰਾਂ, ਦੋ ਪੱਗਾਂ ਜਾਂ ਟੋਪੀਆਂ ਤੇ ਦੋ ਬੁਨੈਣਾਂ ਮਿਲਣੀਆਂ ਚਾਹੀਦੀਆਂ ਹਨ। ਕਮੀਜ਼-ਪਜਾਮੇਂ ਹੁਣ ਵਾਂਗੂ ਕੁਰਾਲਿਆਂ ਦੀ ਥਾਂ ਮੇਚ ਦੇ ਕੇ ਸਿਓਂਤੇ ਜਾਣੇ ਚਾਹੀਦੇ ਹਨ।

ੲ. ਇਸ ਤੋਂ ਬਿਨ੍ਹਾਂ ਸਰਦੀਆਂ 'ਚ ਇਕ ਗਦੇਲਾ, ਰਜ਼ਾਈ ਤੇ ਕੰਬਲ ਅਤੇ ਗਰਮੀਆਂ 'ਚ ਇਕ ਦਰੀ, ਚਾਦਰ ਤੇ ਮੱਛਰਦਾਨੀ ਮਿਲਣੀ ਚਾਹੀਦੀ ਹੈ।

ਸ. ਛੇ ਮਹੀਨਿਆਂ 'ਚ ਕੈਦੀਆਂ ਨੂੰ ਗਰਮੀ ਸਰਦੀ ਦੇ ਵੱਖਰੇ-2 ਦੋ ਜੋੜੇ ਜੁੱਤੇ ਮਿਲਣੇ ਚਾਹੀਦੇ ਹਨ।

ਹ. ਕਪੜੇ ਧੋਣ ਲਈ ਮਿਲਦੀ ਕੈਦੀਆਂ ਨੂੰ ਇਕ ਸਾਬਣ ਦੀ ਟੁੱਕੜੀ ਦੇ ਮਜ਼ਾਕ ਨੂੰ ਬੰਦ ਕਰਕੇ ਹਰ ਹਫ਼ਤੇ ਲੋੜੀਂਦੇ ਵਧੀਆ ਤੇਲ ਅਤੇ ਨਹਾਉਣ ਤੇ ਕੱਪੜੇ ਧੋਣ ਵਾਲੀ ਇਕ 2 ਸਾਬਣ ਦਿਤੀ ਜਾਵੇ।

**9. ਜੇਲ 'ਚ ਵਸਤਾਂ ਤੇ ਲੱਗੀ ਪਾਬੰਦੀ ਬਾਰੇ .**

ੳ. ਮੌਜੂਦਾ ਜੇਲ੍ਹ-ਮੈਨੂਅਲ ਅਨੁਸਾਰ ਇਨਸਾਨ੍ਹਾਂ ਲਈ ਲੋੜੀਂਦੀਆਂ ਸਭ ਚੀਜ਼ਾਂ ਜਿਵੇਂ ਮਾਚਸ, ਕੋਲੇ, ਲੱਕੜ, ਅੰਗੀਠੀ, ਸਬਜ਼ੀ, ਮੀਟ, ਜ਼ਾਤੀ ਕਪੜੇ, ਚਾਹ-ਪੱਤੀ, ਘੜੀ, ਰੇਡੀਓ, ਕੈਂਚੀ, ਬਲੇਡ, ਚਾਕੂ, ਗੱਦਾ ਤੇ

ਪੈਸੇ ਆਦਿ ਜੇਲ 'ਚ ਰੱਖਣੀਆਂ ਗੈਰ-ਕਾਨੂੰਨੀ ਹਨ। ਅੰਗਰੇਜ਼ ਹੁਕਮਰਾਨਾਂ ਵਲੋਂ ਭਾਰਤੀਆਂ ਨਾਲ ਗੈਰ-ਮਨੁੱਖੀ ਵਿਹਾਰ ਦਾ ਪਤਾ ਇਨ੍ਹਾਂ ਬੇਲੋੜੀਆਂ ਬੰਧਸ਼ਾਂ ਤੋਂ ਵੀ ਜ਼ਾਹਰ ਹੁੰਦਾ ਹੈ। ਦਰਅਸਲ ਇਨ੍ਹਾਂ ਪਾਬੰਦੀਆਂ ਦਾ ਮੰਤਵ ਕੈਦੀਆਂ ਨੂੰ ਸਮਾਜ ਨਾਲੋਂ ਤੋੜਨਾ ਅਤੇ ਉਨ੍ਹਾਂ ਦੀਆਂ ਮਨੋਰੰਜਨ ਰੁਚੀਆਂ ਦਾ ਗਲ ਘੁੱਟਕੇ ਉਨ੍ਹਾਂ ਨੂੰ ਮਾਨਸਕ ਤਸ਼ੱਦਦ ਦਾ ਸ਼ਿਕਾਰ ਬਨਾਉਣਾ ਸੀ। ਹੁਣ ਜਦੋਂ ਅਸੀਂ ਜੇਲ 'ਚ ਕੈਦੀਆਂ ਦੇ ਸੁਧਾਰ ਕਰਨ ਦਾ ਦਾਅਵਾ ਕਰਦੇ ਹਾਂ ਤਾਂ ਇਨ੍ਹਾਂ ਬੇਲੋੜੀਆਂ ਬੰਧਸ਼ਾਂ ਦੀ ਕੋਈ ਉਚਿਤਤਾ ਨਹੀਂ ਰਹੀ। ਮਿਸਾਲ ਦੇ ਤੌਰ ਤੇ ਉਸ ਸਮੇਂ ਘੜੀ ਤੇ ਰੇਡੀਓ ਦੀ ਪਾਬੰਦੀ ਬਾਰੇ ਇਹ ਦਲੀਲ ਘੜੀ ਜਾਂਦੀ ਸੀ ਕਿ ਇਸ ਨਾਲ ਕੈਦੀ ਸਮਾਂ ਤਹਿ ਕਰਕੇ ਬਾਹਰਲਿਆਂ ਨਾਲ ਰਲਕੇ ਫਰਾਰ ਹੋਣ ਦੀ ਯੋਜਨਾ ਬਣਾ ਸਕਦੇ ਹਨ। ਹੁਣ ਜਦੋਂ ਜੇਲਾਂ 'ਚ ਟੀ. ਵੀ. ਲਾਉਣ ਦੀ ਮਨਜ਼ੂਰੀ ਮਿਲ ਚੁੱਕੀ ਹੈ ਤਾਂ ਇਸ ਸਬੰਧੀ ਲਾਉਣ ਦਾ ਕੀ ਅਰਥ ਹੈ? ਇਸ ਲਈ ਇਹ ਸਭ ਸਬੰਧੀਆਂ ਤੁਰੰਤ ਖਤਮ ਕਰਨੀਆਂ ਚਾਹੀਦੀਆਂ ਹਨ।

ਅ. ਉਂਝ ਤਾਂ ਜੇਲ੍ਹਾਂ ਅੰਦਰ ਕਰੰਸੀ ਦੇ ਰੂਪ 'ਚ ਨਕਦ ਪੈਸੇ ਰੱਖਣਾ ਜੁਰਮ ਹਨ ਅਤੇ ਕੈਦੀ ਸਿਰਫ 50 ਕੂਪਨ ਹੀ ਮਹੀਨੇ 'ਚ ਲੈ ਸਕਦੇ ਹਨ ਪਰ ਜਦੋਂ ਕਦੇ ਕੋਈ ਕੈਦੀ ਜੇਲ 'ਚੋਂ ਅੰਡੇ ਜਾਂ ਮੀਟ ਖਾਣ ਲਈ ਮੁਰਗੀ ਲੈਣਾ ਚਾਹੇ ਤਾਂ ਨਕਦ ਪੈਸੇ ਮੰਗੇ ਜਾਂਦੇ ਹਨ, ਵੈਸੇ ਵੀ, ਪੈਸਿਆਂ 'ਤੇ ਪਬੰਦੀ ਲਾਉਣਾ ਸਮਝ 'ਚ ਨਹੀਂ ਆਉਂਦਾ। ਇਕੋ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਪੈਸੇ ਰੱਖਣ ਨਾਲ ਜੂਆ ਖੇਡਣ ਦੀ ਭੈੜੀ ਵਾਦੀ ਪੈਦਾ ਹੋ ਸਕਦੀ ਹੈ। ਅਜਿਹੀ ਦਲੀਲ 'ਚ ਕੋਈ ਤੱਤ ਨਹੀਂ। ਜੂਆ ਖੇਡਣ ਵਾਲਿਆਂ ਲਈ ਪੈਸਿਆਂ ਜਾਂ ਕੂਪਨਾਂ ਨਾਲ ਕੋਈ ਫਰਕ ਨਹੀਂ ਪੈਂਦਾ। ਇਸ ਲਈ ਇਸ ਪਬੰਦੀ ਨੂੰ ਬੰਦ ਕੀਤਾ ਜਾਵੇ।

## 10. ਜੇਲ 'ਚ ਮਿਲਦੀਆਂ ਸਜ਼ਾਵਾਂ ਬਾਰੇ :

ੳ. ਸਾਡੇ ਸੰਵਿਧਾਨ ਤੇ ਇਖਲਾਕੀ ਨਜ਼ਰੀਏ ਅਨੁਸਾਰ ਕਿਸੇ ਦੋਸ਼ੀ ਨੂੰ ਇਕ ਜੁਰਮ ਦੀ ਇਕੋ ਸਜ਼ਾ ਮਿਲਣੀ ਚਾਹੀਦੀ ਹੈ ਤੇ ਸਜ਼ਾ ਦਾ ਮੰਤਵ ਤੇ ਕਿਸਮ ਦੋਸ਼ੀ ਦਾ ਸੁਧਾਰ ਕਰਨਾ ਬਣਦਾ ਹੈ। ਪਰ ਸਾਡੇ ਅੰਗਰੇਜ਼ ਹੁਕਮਰਾਨਾਂ ਦੀ ਪੈਦਾਇਸ਼ ਜੇਲ-ਮੈਨੂਅਲ ਤੇ ਵਰਤਮਾਨ ਜੇਲ-ਅਧਿਕਾਰੀਆਂ ਦੇ ਅਮਲ ਮੁਤਾਬਕ ਨਾ ਸਿਰਫ ਕਿਸੇ ਇਕ ਜੁਰਮ ਦੇ ਦੋਸ਼ੀ ਨੂੰ ਪੰਜ-ਸੱਤ ਸਜ਼ਾਵਾਂ ਭੁਗਤਣੀਆਂ ਪੈਂਦੀਆਂ ਹਨ, ਸਗੋਂ ਇਨ੍ਹਾਂ ਦੀ ਕਿਸਮ ਕੈਦੀਆਂ ਨੂੰ ਹੀਣਾ ਬਨਾਉਣ, ਜ਼ਲੀਲ ਕਰਨ, ਅਤੇ ਨਤੀਜੇ ਵਜੋਂ ਉਨ੍ਹਾਂ 'ਚ ਨਫ਼ਰਤ ਤੇ ਬਦਲੇ ਦੀ ਭਾਵਨਾ ਭੜਕਾਉਣ ਵਾਲੀ ਹੁੰਦੀ ਹੈ।

ਅ. ਸਜ਼ਾਵਾਂ ਦੇਣ ਸਮੇਂ ਨਾ ਸਿਰਫ ਜੁਰਮ ਦੀਆਂ ਛੋਟੀਆਂ-ਵੱਡੀਆਂ ਕਿਸਮਾਂ ਸਗੋਂ ਪਹਿਲੀ ਵਾਰ ਤੇ ਵਾਰ ਵਾਰ ਕੀਤੇ ਜੁਰਮਾਂ ਨੂੰ ਧਿਆਨ 'ਚ ਰੱਖਣਾ ਚਾਹੀਦਾ ਹੈ। ਪਹਿਲੀ ਗਲਤੀ ਸਮੇਂ ਸਮਝਾਉਣ, ਫਿਰ ਚਿਤਾਵਨੀ ਦੇਣ, ਕੈਦੀ-ਸਮੂਹ 'ਚ ਸ਼ਰਮਸਾਰ ਕਰਨ ਤੇ ਗਲਤੀ ਮੰਨਵਾਉਣਾ ਆਦਿ ਤਰੀਕੇ ਜ਼ਰੂਰ ਵਰਤੇ ਜਾਣੇ ਚਾਹੀਦੇ ਹਨ। ਜੇ ਅਜਿਹਾ ਕਰਨ ਤੋਂ ਬਾਅਦ ਵੀ ਕੋਈ ਬਾਜ਼ ਨਾ ਆਵੇ ਤਾਂ ਹੀ ਹੋਰ ਵਾਜਬ ਸਜ਼ਾਵਾਂ ਦੇਣੀਆਂ ਚਾਹੀਦੀਆਂ ਹਨ। ਇਸ ਦੇ ਨਾਲ ਹੀ ਜੁਰਮਾਂ ਦੀ ਪਰਿਭਾਸ਼ਾ ਨੂੰ ਤਬਦੀਲ ਕਰਨ ਦੀ ਲੋੜ ਹੈ। ਉਹ ਸਭ ਗੱਲਾਂ ਰੱਦ ਕੀਤੀਆਂ ਜਾਣ ਜਿਹੜੀਆਂ ਗੁਲਾਮਾਨਾ ਜ਼ਹਿਨੀਅਤ, ਤੇ ਸਾਡੇ ਦਿਮਾਗੀ ਵਿਕਾਸ ਤੇ ਚੇਤਨਾ ਦੇ ਰਾਹ 'ਚ ਰੁਕਾਵਟ ਹੋਣ। ਉਦਾਹਰਣ, ਮੌਜੂਦਾ ਜੇਲ-ਮੈਨੂਅਲ ਮੁਤਾਬਕ ਕੈਦੀਆਂ ਨੂੰ ਆਪਣੇ ਹੱਕਾਂ ਬਾਰੇ ਸੋਚਣ, ਸਮੂਹਿਕ ਮੰਗ-ਪੱਤਰ ਤਿਆਰ ਕਰਨ, ਇਨ੍ਹਾਂ ਦੀ ਪ੍ਰਾਪਤੀ ਲਈ ਕਾਰਵਾਈ ਕਰਨ, ਜੇਲ-ਅਧਿਕਾਰੀਆਂ ਦੀਆਂ ਮਨਮਾਨੀਆਂ ਬਾਰੇ ਸ਼ਿਕਾਇਤ ਕਰਨ ਅਤੇ ਸੱਚ ਬੋਲਣਾ ਵੀ ਗੰਭੀਰ ਜੁਰਮ ਸਮਝਿਆ ਜਾਂਦਾ ਹੈ। ਇਹ ਇਨਸਾਨੀ ਸ਼ਖਸ਼ੀਅਤ ਦੇ ਬੌਧਿਕ ਤੇ ਮਾਨਸਿਕ ਵਿਕਾਸ 'ਚ ਅੜਿੱਕਾ-ਡਾਹੂ ਕਦਮ ਕਿਸੇ ਗੁਲਾਮ ਮੁਲਕ 'ਚ ਤਾਂ ਸਮਝ ਆ ਸਕਦੇ ਹਨ ਪਰ ਕਿਸੇ ਲੋਕਰਾਜੀ ਤੇ ਆਜ਼ਾਦ ਮੁਲਕ ਦਾ ਦਾਅਵਾ ਕਰਨ ਵਾਲੇ ਮੁਲਕ 'ਚ ਆਪਣੇ ਹੀ ਲੋਕਾਂ 'ਤੇ ਠੋਸਣੇ ਸਰਾਸਰ ਗਲਤ ਹਨ। ਸਾਨੂੰ ਅਜੋਕੇ ਯੁੱਗ ਦੇ ਸਮਾਜਕ ਵਿਕਾਸ, ਚੇਤਨਾ ਤੇ ਜ਼ਰੂਰਤ ਨੂੰ ਧਿਆਨ 'ਚ ਰੱਖਦਿਆਂ ਜੁਰਮਾਂ ਦੀ ਪਰਿਭਾਸ਼ਾ 'ਚ ਰੱਦੋਬਦਲ ਕਰਨੀ ਚਾਹੀਦੀ ਹੈ।

ੲ. ਜੇਲ੍ਹ ਦੇ ਮੌਜੂਦਾ ਜੇਲ੍ਹ-ਮੈਨੂਅਲ 'ਤੇ ਅਮਲ ਅਨੁਸਾਰ ਕਿਸੇ ਦੋਸ਼ੀ ਨੂੰ ਇੱਕੋ ਜੁਰਮ 'ਚ ਕੁਟਾਪਾ, ਚੱਕੀ-ਬੰਦ ਕਰਨਾ, ਬੇੜੀਆਂ ਲਾਉਣਾ, ਮੇਜਰ ਪੇਸ਼ੀ ਕਰਕੇ ਮੁਆਫੀ ਦਿਨ ਲਾਹੁਣਾ, ਉਸਦੀ ਛੁੱਟੀ ਤੇ ਰਿਹਾਈ 'ਚ ਰੋਕਾਂ ਲਾਉਣਾ ਅਤੇ ਚਲਾਣ ਆਦਿ ਅਨੇਕਾਂ ਸਜ਼ਾਵਾਂ ਨੂੰ ਭੁਗਤਣਾ ਪੈਂਦਾ ਹੈ। ਸੰਵਿਧਾਨ ਦੀ ਇਹ ਨੰਗੀ-ਚਿੱਟੀ ਉਲੰਘਣਾ ਨਾ ਤਾਂ ਸਦਾਚਾਰਕ ਪੱਖੋਂ ਦਰੁਸਤ ਹੈ ਤੇ ਨਾ ਕੈਦੀਆਂ ਦੇ ਸੁਧਾਰ ਪੱਖੋਂ।

ਸ. ਕੈਦੀਆਂ ਦੀ ਕੁੱਟ-ਮਾਰ ਕਰਨਾ ਤੇ ਬੇੜੀਆਂ ਲਾਉਣਾ ਪਹਿਲਾਂ ਹੀ ਗੈਰਕਨੂੰਨੀ ਕਰਾਰ ਦਿੱਤਾ ਜਾ ਚੁੱਕਾ ਹੈ, ਜਿਸ ਨੂੰ ਲਾਗੂ ਕਰਨ ਲਈ ਸਖਤੀ ਨਾਲ ਅਮਲ ਕਰਨਾ ਚਾਹੀਦਾ ਹੈ। ਅੰਗਰੇਜ਼ ਹੁਕਮਰਾਨ ਭਾਰਤੀਆਂ ਨੂੰ ਗੁਲਾਮੀ ਦਾ ਅਹਿਸਾਸ ਕਰਾਉਣ ਤੇ ਹੀਣਾ ਦਿਖਾਉਣ ਤੇ

ਅਨੇਕਾਂ ਜਾਬਰ ਰੂਪਾਂ ਦੀ ਵਰਤੋਂ ਕਰਦੇ ਸਨ। ਕੈਦੀਆਂ ਨੂੰ ਮਾਨਸਕ ਤੇ ਸਰੀਰਕ ਤੌਰ 'ਤੇ ਨਕਾਰਾ ਕਰਨ ਲਈ ਕੁਟਾਪੇ ਤੋਂ ਇਲਾਵਾ 10 ਕਿਲੋ ਤੋਂ 40 ਕਿਲੋ ਤੱਕ ਦੀਆਂ ਬੇੜੀਆਂ ਲਾਈਆਂ ਜਾਂਦੀਆਂ ਸਨ। ਸੁਪਰਮ ਕੋਰਟ ਨੇ ਇਨ੍ਹਾਂ ਸਜ਼ਾਵਾਂ ਨੂੰ ਕੈਦੀਆਂ ਦੇ ਸੁਧਾਰ ਦੀ ਭਾਵਨਾ ਤੋਂ ਉਲਟ ਗਰਦਾਨਦਿਆਂ ਇਨਾ ਨੂੰ ਲਾਉਣਾ ਵਰਜਿਤ ਕਰ ਦਿਤਾ ਹੈ ਪਰ ਅਜਿਹੇ ਫੈਸਲੇ ਦੇ ਬਾਵਜੂਦ ਬੇੜੀਆਂ ਲੱਗਣੀਆਂ ਬੰਦ ਨਹੀਂ ਹੋਈਆਂ। ਹਕੀਕੀ ਤੌਰ ਤੇ ਬੇੜੀਆਂ ਦਾ ਖਾਤਮਾ ਤਾਂ ਹੀ ਹੋ ਸਕਦਾ ਹੈ ਜੇਕਰ ਸਰਕਾਰ ਸਮੂਹ ਜੇਲਾਂ 'ਚ ਪਈਆਂ ਬੇੜੀਆਂ ਦੀ ਰਿਪੋਰਟ ਮੰਗ ਕੇ ਅਤੇ ਸਰਕਾਰੀ ਨੁਮਾਇੰਦੇ ਦੀ ਹਾਜ਼ਰੀ 'ਚ ਇਨ੍ਹਾਂ ਦੀ ਨਿਲਾਮੀ ਕਰਾਵੇ।

ਹ ਚੱਕੀ-ਬੰਦ ਕਰਨ ਦਾ ਮੌਜੂਦਾ ਤਿੰਨ ਮਹੀਨਿਆਂ ਦਾ ਸਮਾਂ ਵੀ ਜ਼ਿਆਦਾ ਹੈ ਅਤੇ ਇਸਨੂੰ ਸੀਮਤ ਕਰਕੇ ਹਫਤਾ ਜਾਂ ਪੰਦਰਾਂ ਦਿਨ ਤਹਿ ਕਰਨਾ ਚਾਹੀਦਾ ਹੈ। ਕੈਦੀ ਨੂੰ ਬੰਦ ਕਰਨ ਅਤੇ ਕੱਢਣ ਦੀ ਰਿਪੋਰਟ ਮੁੱਖ-ਦਫਤਰ ਜੇਲ੍ਹ ਵਿਭਾਗ ਨੂੰ ਕਾਰਣ ਦੱਸਕੇ ਭੇਜਣੀ ਲਾਜ਼ਮੀ ਬਣਾਈ ਜਾਵੇ।

ਕ. ਮੇਜਰ ਪੇਸ਼ੀ ਕਰਕੇ ਮੁਆਫੀ ਦਿਨ ਕੱਟਣ ਦਾ ਅਧਿਕਾਰ ਕਿਸੇ ਕੈਦੀ ਦੀ ਸਜ਼ਾ ਵਧਾਉਣ ਦਾ ਅਧਿਕਾਰ ਹੀ ਹੈ। ਇਸਦਾ ਅਧਿਕਾਰ ਜੇਲ੍ਹ ਸੁਪਰਡੈਂਟ ਨੂੰ ਦੇਣਾ ਉਸਨੂੰ ਅਸੀਮਤ ਅਧਿਕਾਰਾਂ ਦਾ ਮਾਲਕ ਬਨਾਉਣਾ ਹੈ, ਜਿਹੜਾ ਕਿਸੇ ਤਰ੍ਹਾਂ ਵੀ ਵਾਜਬ ਨਹੀਂ। ਇਸ ਵਜ੍ਹਾ ਕਰਕੇ ਹਾਈਕੋਰਟ ਪਹਿਲਾਂ ਹੀ ਅਜਿਹਾ ਫੈਸਲਾ ਦੇ ਚੁੱਕੀ ਹੈ ਕਿ ਅਜਿਹਾ ਕਰਨ ਦੀ ਮਨਜ਼ੂਰੀ ਸੈਸ਼ਨ-ਜੱਜ ਤੋਂ ਲਈ ਜਾਵੇ। ਹਾਈਕੋਰਟ ਦਾ ਇਹ ਫੈਸਲਾ ਪ੍ਰਸ਼ੰਸਾਯੋਗ ਹੋਣ ਦੇ ਬਾਵਜੂਦ ਇਸਨੂੰ ਕਈ ਪੱਖਾਂ ਤੋਂ ਚੰਗੇਰਾ ਬਨਾਉਣ ਦੀ ਲੋੜ ਹੈ। ਪਹਿਲੀ ਗੱਲ, ਇਹ ਯਕੀਨੀ ਬਨਾਇਆ ਜਾਵੇ ਕਿ ਕਿਸੇ ਕੈਦੀ ਨੂੰ ਦੋਸ਼ੀ ਪਾਏ ਜਾਣ ਤੋਂ ਤਿੰਨ ਦਿਨਾਂ ਦੇ ਅੰਦਰ-ਅੰਦਰ ਸੈਸ਼ਨ ਜੱਜ ਦੇ ਰੂ-ਬ-ਰੂ ਪੇਸ਼ ਕੀਤਾ ਜਾਵੇ। ਜੇ ਇਹ ਸਮਾਂ ਜ਼ਿਆਦਾ ਹੋਵੇਗਾ ਤਾਂ ਸਬੰਧਤ ਕੈਦੀ ਸਜ਼ਾ ਨੂੰ ਮਾਨਤਾ ਮਿਲਣ ਤੋਂ ਪਹਿਲਾਂ ਹੀ ਉਸਨੂੰ ਭੁਗਤ ਲਵੇਗਾ। ਦੂਜਾ ਕੈਦੀ ਦੇ ਬਿਆਨ ਨੂੰ ਹੀ ਅਦਾਲਤ 'ਚ ਤਸੱਲੀਬਖਸ਼ ਸਮਝਿਆ ਜਾਵੇ ਤੇ ਉਸਦੀ ਸਫਾਈ 'ਚ ਅੰਦਰੋਂ ਕੈਦੀ ਗਵਾਹ ਭੁਗਤਾਉਣ ਦੀ ਸ਼ਰਤ ਹਟਾਈ ਜਾਏ। ਕਿਉਂਕਿ ਜੇਲ੍ਹ ਅਧਿਕਾਰੀਆਂ ਦੇ ਡਰ, ਕਰੋਪੀ ਤੇ ਸਜ਼ਾ ਤੋਂ ਤ੍ਰਹਿੰਦੇ ਕੈਦੀ ਅਜੇ ਸੱਚੀ ਗਵਾਹੀ ਦੇਣ ਤੋਂ ਵੀ ਗੁਰੇਜ਼ ਕਰਦੇ ਹਨ।

ਜੇਲ੍ਹ-ਅਧਿਕਾਰੀਆਂ ਵਲੋਂ ਗੈਰ-ਕਾਨੂੰਨੀ ਸਜ਼ਾਵਾਂ ਦੇਣ ਤੇ ਅਣਮਨੁੱਖੀ ਵਿਹਾਰ ਕਰਨ ਨੂੰ ਵੀ ਜੁਰਮ ਕਰਾਰ ਦੇਣਾ ਚਾਹੀਦਾ ਹੈ ਅਤੇ ਇਸਦੀ ਸਜ਼ਾ ਮੁਕੱਰਰ ਕਰਨੀ ਚਾਹੀਦੀ ਹੈ। ਜੁਰਮਾਂ ਦੀ ਸਿਫਤ ਤੇ ਮਿਕਦਾਰ ਅਨੁਸਾਰ ਦੋਸ਼ੀ ਅਫਸਰਾਂ ਦੀ ਇਨਕਰੀਮੈਂਟ ਬੰਦ ਕਰਨ, ਤਰੱਕੀ 'ਚ ਰੋਕ ਪਾਉਣ, ਸਸਪੈਂਡ ਕਰਨ ਅਤੇ ਜਬਰੀ ਨੌਕਰੀ ਤੋਂ ਹਟਾਉਣ ਦੀ ਵਿਵਸਥਾ ਕੀਤੀ ਜਾਵੇ। ਅਜਿਹਾ ਕਰਕੇ ਹੀ ਜੇਲ੍ਹ ਅਧਿਕਾਰੀਆਂ ਦੀਆਂ ਮਨਮਾਨੀਆਂ ਤੇ ਰੋਕ ਲਾਈ ਜਾ ਸਕਦੀ ਹੈ।

(11) ਚਲਾਨਾਂ ਬਾਰੇ :

ੳ. ਚਲਾਣ ਕੈਦੀ ਦੀ ਧੌਣ ਤੇ ਉਹ ਤਲਵਾਰ ਹੈ ਜਿਸਦਾ ਭੈਅ ਚੱਤੇ-ਪਹਿਰ ਕੈਦੀ ਦੇ ਦਿਲੋ-ਦਿਮਾਗ ਤੇ ਛਾਇਆ ਰਹਿੰਦਾ ਹੈ, ਪਤਾ ਨੀ ਕਦੋਂ, ਕਿਸ ਨੂੰ, ਕਿੱਥੇ ਕੋਹਾਂ ਮੀਲ ਦੂਰ ਜੇਲ੍ਹ 'ਚ ਭੇਜਣ ਲਈ ਬੋਰੀਆ-ਬਿਸਤਰਾ ਬੰਨਣ ਦਾ ਹੁਕਮ ਆ ਜਾਏ। ਅੰਗਰੇਜ਼ ਹੁਕਮਰਾਨਾ ਵਲੋਂ ਫਰਾਰੀ ਦੀ ਰੋਕਥਾਮ ਦੇ ਪੱਜ ਹੇਠ ਕੱਢੀ ਇਸ ਕਾਢ ਦਾ ਅਸਲ ਮੰਤਵ ਕੈਦੀਆਂ ਨੂੰ ਅਪਣੇ ਪਰਿਵਾਰ ਤੇ ਸਮਾਜ ਨਾਲੋਂ ਤੋੜਨ ਤੇ ਉਨ੍ਹਾਂ ਨੂੰ ਮਾਨਸਕ ਤੌਰ ਤੇ ਪਰੇਸ਼ਾਨ ਕਰਨਾ ਸੀ। ਉਸ ਸਮੇਂ ਸਿਆਸੀ ਤੇ ਅਣਖੀ ਕੈਦੀਆਂ ਦਾ ਮੱਚ ਮਾਰਨ ਲਈ ਅਕਸਰ ਹੀ ਕਾਲੇ ਪਾਣੀ ਦੀ ਸਜ਼ਾ ਦਿਤੀ ਜਾਂਦੀ ਸੀ। ਇਸ ਵਿਵਸਥਾ ਦਾ ਨਜਾਇਜ਼ ਲਾਹਾ ਲੈਂਦਿਆਂ ਹੁਣ ਜੇਲ-ਅਧਿਕਾਰੀ ਨਾ ਸਿਰਫ ਬਹੁਤੇ ਕੈਦੀਆਂ ਸਗੋਂ ਇਕ ਕੇਸ ਦੇ ਮੁਕੱਦਮੇਵਾਰ, ਪਿਉ-ਪੁੱਤਾਂ, ਭਾਈਆਂ-ਭਾਈਆਂ ਤੇ ਸੰਬੰਧੀਆਂ ਨੂੰ ਵੀ ਅੱਡ-ਅੱਡ ਦੂਰ-ਦੁਰਾਡੇ ਜੇਲ੍ਹਾਂ 'ਚ ਭੇਜਕੇ ਖੱਜਲ ਖੁਆਰ ਕਰਨ ਤੋਂ ਬਾਜ਼ ਨਹੀਂ ਆਉਂਦੇ।

ਅ. ਚਲਾਨ, ਨਾ ਸਿਰਫ ਕੈਦੀਆਂ ਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਸਜ਼ਾ ਤਾਂ ਬਣਦਾ ਹੀ ਹੈ ਸਗੋਂ ਉਨ੍ਹਾਂ ਨੂੰ ਕਬੀਲਦਾਰੀਆ ਤੇ ਸਮਾਜਕ-ਜ਼ੁਮੇਵਾਰੀਆਂ ਤੋਂ ਤੋੜ ਕੇ ਮੁਜਰਮਾਨਾਂ ਰਾਹ 'ਤੇ ਧੱਕਣ ਦਾ ਕਾਰਣ ਬਣਦਾ ਹੈ। ਇਹ ਕੈਦੀਆਂ ਨੂੰ ਹੀਣੀ, ਦੱਬੂ ਤੇ ਬੌਣੀ ਸ਼ਖਸੀਅਤ ਤੇ ਭ੍ਰਿਸ਼ਟਾਚਾਰ ਦੇ ਰਾਹ ਪਾਉਂਦਾ ਹੈ। ਚਲਾਨ, ਜੇਲ ਅਧਿਕਾਰੀਆਂ ਦੀ ਤਜੋਰੀ 'ਚ ਤਾਂ ਵਾਧਾ ਕਰ ਸਕਦਾ ਹੈ ਪਰ ਕੈਦੀਆਂ ਦੇ ਸੁਧਾਰ 'ਚ ਅੜਿੱਕੇ ਡਾਹੁੰਦਾ ਹੈ। ਕੈਦੀਆਂ ਦੇ ਸੁਧਾਰ ਤੇ ਰਿਸ਼ਵਤਖੋਰੀ ਨੂੰ ਨੱਥ ਪਾਉਣ ਲਈ ਚਲਾਨ ਦਾ ਖਾਤਮਾ ਕਰਕੇ ਅਪਣੇ ਜ਼ਿਲੇ 'ਚ ਹੀ ਕੈਦੀਆ ਨੂੰ ਰੱਖਣ ਦਾ ਕਾਨੂੰਨ ਬਨਾਉਣਾ ਚਾਹੀਦਾ ਹੈ।

ੲ. ਵਿਰੋਧੀ ਪਾਰਟੀਆਂ ਹੋਣ ਦੀ ਹਾਲਤ 'ਚ ਵੀ ਧਾਰਾ 575 ਅਧੀਨ ਚਲਾਨ ਪਾਉਣ ਦੀ ਵਿਵਸਥਾ ਖਤਮ ਕੀਤੀ ਜਾਵੇ, ਕਿਉਂਕਿ ਹੁਣ ਜਦੋਂ ਸਾਰੀਆਂ ਜੇਲ੍ਹਾਂ 'ਚ ਵੱਖਰੇ ਸੈੱਲ ਤੇ ਹਾਤੇ ਅਤੇ ਲੋੜੀਂਦੀ ਗਾਰਦ ਮੌਜੂਦ ਹੈ, ਤਾਂ ਇਸਦੀ ਕੋਈ ਵਾਜਬੀਅਤ ਨਜ਼ਰ ਨਹੀਂ ਆਉਂਦੀ। ਵਿਰੋਧੀ ਪਾਰਟੀਆਂ ਦੇ ਸੰਭਾਵਤ ਝਗੜੇ ਨੂੰ ਧਿਆਨ 'ਚ

ਰੱਖਦਿਆਂ, ਦੋਨਾਂ ਧਿਰਾਂ ਨੂੰ ਬਦਲ-ਬਦਲ ਕੇ 15-15 ਦਿਨ ਖੁਲ੍ਹੀਆਂ ਚੱਕੀਆਂ 'ਚ ਰੱਖਿਆ ਜਾ ਸਕਦਾ ਹੈ। ਸੋ ਅਪਣੀ ਸਵੈ-ਮਰਜ਼ੀ ਤੋਂ ਬਿਨਾਂ ਕਿਸੇ ਨੂੰ ਜ਼ਿਲੇ ਦੀਆਂ ਬਾਹਰਲੀਆਂ ਜੇਲਾਂ 'ਚ ਨਾ ਭੇਜਿਆ ਜਾਵੇ।

12. ਮੁਲਾਕਾਤਾਂ ਬਾਰੇ :

ੳ. ਮੁਲਾਕਾਤਾਂ ਮੂੰਹ-ਦਿਖਾਈ ਜਾਂ ਹੱਥ-ਮਿਲਾਈ ਨਹੀਂ ਹੁੰਦੀਆਂ। ਇਸਦਾ ਮੰਤਵ ਕੈਦੀਆਂ ਦੀ ਅਪਣੇ ਪਰਿਵਾਰ, ਸਬੰਧੀਆਂ ਤੇ ਮਿੱਤਰ ਯਾਰਾਂ ਨਾਲ ਜਜ਼ਬਾਤੀ ਸਾਂਝ ਦੇ ਪ੍ਰਗਟਾਅ ਤੇ ਅਨੇਕਾਂ ਸਮੱਸਿਆਵਾਂ ਬਾਰੇ ਗੰਭੀਰ ਸੋਚ-ਵਿਚਾਰ ਕਰਨਾ ਹੁੰਦਾ ਹੈ। ਪਰ ਸਾਡੀਆਂ ਮੌਜੂਦਾ ਮੁਲਾਕਾਤਾਂ ਦਾ ਪ੍ਰਬੰਧ ਏਨਾਂ ਘਟੀਆ ਹੈ ਕਿ ਮੁਲਾਕਾਤ ਦੀ ਖੁਸ਼ੀ ਘੱਟ, ਤਕਲੀਫ ਵੱਧ ਹੁੰਦੀ ਹੈ। ਥੋੜ੍ਹੇ ਜਿਹੇ ਥਾਂ 'ਚ ਏਨੇ ਬੰਦਿਆਂ ਦੀ ਭੀੜ ਤਾੜ ਦਿਤੀ ਜਾਂਦੀ ਹੈ ਕਿ ਇਕ ਦੂਜੇ ਦੇ ਉਤੇ ਚੜ੍ਹਕੇ ਹੀ ਗੱਲਬਾਤ ਹੋ ਸਕਦੀ ਹੈ। ਖੱਪ ਏਨੀ ਪੈਂਦੀ ਹੈ ਕਿ ਕੋਈ ਗੱਲ ਸੁਣਾਈ ਨਹੀਂ ਦੇਂਦੀ। ਕਿਸੇ ਪਰਦੇ ਦੀ ਗੱਲ ਕਰਨਾ ਤਾਂ ਇਸ ਖੱਪਖਾਨੇ 'ਚ ਸਵਾਲ ਹੀ ਪੈਦਾ ਨਹੀਂ ਹੁੰਦਾ। ਮੁਟਿਆਰ ਧੀਆਂ-ਭੈਣਾਂ ਅਸ਼ਲੀਲ ਧੱਕੇ-ਮੁੱਕੀਆਂ 'ਚ ਏਨੀਆਂ ਬਇਜ਼ਤ ਹੁੰਦੀਆਂ ਹਨ ਕਿ ਬਹੁਤੇ ਕੈਦੀਆਂ ਨੇ ਉਨ੍ਹਾਂ ਨਾਲ ਮੁਲਾਕਾਤਾਂ-ਬੰਦ ਕਰਨੀਆਂ ਵਾਜਬ ਸਮਝੀਆਂ ਹਨ। ਬੁੱਢੇ ਮਾਂ-ਪਿਓ ਇਸ ਭੀੜ 'ਚ ਅੱਗੇ ਆਉਣ ਦੀ ਜੁਰਅਤ ਹੀ ਨਹੀਂ ਕਰ ਸਕਦੇ। ਅਜਿਹੇ ਜ਼ਲੀਲਤਾ ਭਰੇ ਖਿਚ-ਧੂਹ ਦੇ ਮਾਹੌਲ 'ਚ ਕੋਈ ਸੰਜੀਦਾ ਵਿਚਾਰ-ਵਟਾਂਦਰਾ ਕਿਸ ਤਰ੍ਹਾਂ ਕਰ ਸਕਦਾ ਹੈ ?

ਅ. ਮੁਲਾਕਾਤਾਂ ਦੇ ਪ੍ਰਬੰਧ ਨੂੰ ਚੰਗੇਰਾ ਬਨਾਓਣ ਲਈ ਹਰ ਜੇਲ੍ਹ 'ਚ ਮੁਲਾਕਾਤੀ ਬੈਰਕਾਂ ਹੋਣੀਆਂ ਚਾਹੀਦੀਆਂ ਹਨ। ਜਿਥੇ 100-200 ਮੁਲਾਕਾਤੀ ਤੇ ਕੈਦੀ ਇਕੱਠੇ ਬੈਠਕੇ ਚਾਹ-ਪਾਣੀ ਪੀਂਦੇ ਗੱਲਬਾਤ ਕਰ ਸਕਣ। ਮੁਲਾਕਾਤ ਦਾ ਸਮਾਂ 20 ਮਿੰਟ ਤੋਂ ਵਧਾਕੇ ਇਕ ਘੰਟਾ ਤਹਿ ਕੀਤਾ ਜਾਵੇ। ਅਜਿਹੇ ਸੁਧਾਰ ਨਾਲ ਹੀ ਮੁਲਾਕਾਤਾਂ ਦਾ ਸਾਰਥਕ ਮੰਤਵ ਪੂਰਾ ਹੋ ਸਕਦਾ ਹੈ। ਵੱਖਰੇ ਮੁਲਾਕਾਤੀ ਹਾਤੇ ਨਾਲ ਸੁਰੱਖਿਅੰਤਾ ਪੱਖੋਂ ਵੀ ਲਾਭ ਰਹੇਗਾ; ਕਿਓਂਕਿ ਇਸ ਤਰ੍ਹਾਂ ਕੈਦੀਆਂ ਦੇ ਡਿਓਢੀ ਜਾਣ ਦੀ ਥਾਂ ਮੁਲਾਕਾਤੀ ਅੰਦਰ ਆਉਣਗੇ।

ੲ. ਜੇਲ੍ਹ ਮੈਨੂਅਲ ਮੁਤਾਬਕ ਹਰ ਹਵਾਲਾਤੀ ਹਫਤੇ 'ਚ ਇਕ ਤੇ ਕੈਦੀ ਦੋ ਮੁਲਾਕਾਤਾਂ ਹੀ ਕਰ ਸਕਦਾ ਹੈ। ਭਾਵ ਇਹਨੂੰ ਅਮਲੀ ਤੌਰ ਤੇ ਪਹਿਲਾਂ ਹੀ ਲਾਗੂ ਨਹੀਂ ਕੀਤਾ ਜਾਂਦਾ ਪਰ ਕਦੇ ਕਦੇ ਇਨਸਾਨੀ ਭਾਵਨਾ ਤੋਂ ਸੱਖਣਾ ਕੋਈ ਅੜਬ ਅਫਸਰ ਇਸਨੂੰ ਲਾਗੂ ਕਰਦਾ ਰਹਿੰਦਾ ਹੈ। ਇਹਨੂੰ ਖਤਮ ਕਰਕੇ ਇਹ ਕਾਨੂੰਨ ਬਨਣਾ ਚਾਹੀਦਾ ਹੈ ਕਿ ਕੈਦੀ ਬੰਦੀ ਨਾ ਸਿਰਫ ਹਫਤੇ ਸਗੋਂ ਇਕੋ ਦਿਨ 'ਚ ਕਿੰਨੀਆਂ ਵੀ ਮੁਲਾਕਾਤਾਂ ਕਰ ਸਕੇ। ਕਿਉਂਕਿ ਮੁਲਾਕਾਤ 'ਤੇ ਆਓਣ ਵਾਲੇ ਨੂੰ ਇਹ ਪਤਾ ਨਾ-ਮੁਮਕਿਨ ਹੈ ਕਿ ਹੋਰ ਕੋਈ ਕਦੋਂ ਮੁਲਾਕਾਤ ਕਰਕੇ ਗਿਆ ਹੈ। ਅਪਣਾ ਸਮਾਂ, ਪੈਸੇ ਤੇ ਕੰਮ ਦੇ ਨੁਕਸਾਨ ਕਰਕੇ ਆਏ ਮੁਲਾਕਾਤੀ ਨੂੰ ਸੁੱਕਾ ਮੋੜਨਾ ਉਸਨੂੰ ਬੇ-ਵਜ੍ਹਾ ਪ੍ਰੇਸ਼ਾਨ ਕਰਨਾ ਹੈ।

ਸ. ਮੁਲਾਕਾਤੀਆ ਤੋਂ 25 ਪੈਸੇ ਲੈਣ ਦੀ ਤਜਵੀਜ਼ ਵੀ ਰੱਦ ਕੀਤੀ ਜਾਵੇ। ਮੁਲਾਕਾਤੀ ਫੀਸ ਲਈ ਟੁੱਟੇ ਪੈਸੇ ਨਾ ਹੋਣ ਦਾ ਬਹਾਨਾ ਘੜਕੇ ਕਰਮਚਾਰੀ ਉਸਤੋਂ ਵੱਧ ਪੈਸੇ ਬਟੋਰਦੇ ਰਹਿੰਦੇ ਹਨ। ਭਲਾਈ ਦਫਤਰ ਨੂੰ ਇਸਦਾ ਫਾਇਦਾ ਘੱਟ ਹੁੰਦਾ ਹੈ ਪਰ ਕਰਮਚਾਰੀ ਇਸ ਆੜ 'ਚ ਵੱਧ ਪੈਸੇ ਝਾੜਕੇ ਜੇਬਾਂ ਭਰ ਲੈਂਦੇ ਹਨ।

ਹ. ਵੱਡੀਆਂ ਜੇਲ੍ਹਾਂ 'ਚ ਹਰ ਰੋਜ਼ ਸੈਂਕੜੇ ਮੁਲਾਕਾਤੀ ਮਰਦ-ਔਰਤਾਂ ਆਉਂਦੇ ਹਨ ਪਰ ਉਨ੍ਹਾਂ ਦੀ ਲੋੜੀਂਦੀ ਸਹੂਲਤ ਲਈ ਕੋਈ ਬੰਦੋਬਸਤ ਨਹੀਂ ਕੀਤਾ ਗਿਆ। ਇਥੋਂ ਤੱਕ ਕੇ ਔਰਤਾਂ ਦੇ ਪਿਸ਼ਾਬ-ਘਰ ਵੀ ਨਹੀਂ ਬਣਾਏ ਗਏ, ਜਿਸ ਕਰਕੇ ਉਨ੍ਹਾਂ ਨੂੰ ਪ੍ਰੇਸ਼ਾਨੀ ਤੇ ਬੇਇਜ਼ਤੀ ਦਾ ਸਾਮ੍ਹਣਾ ਕਰਨਾ ਪੈਂਦਾ ਹੈ। ਹਰ ਜੇਲ੍ਹ 'ਚ ਮੁਲਾਕਾਤੀਆਂ ਲਈ ਆਰਾਮ ਘਰ ਬਣਾਏ ਜਾਣ, ਜਿਹਨਾਂ 'ਚ ਟੱਟੀ, ਪਾਣੀ ਤੇ ਗੁਸਲਖਾਨਿਆਂ ਦਾ ਪ੍ਰਬੰਧ ਹੋਵੇ।

1977 'ਚ ਸ: ਬਾਦਲ ਨੇ ਅਜਿਹੀ ਤਜਵੀਜ਼ ਲਾਗੂ ਕਰਨ ਦਾ ਮਨ ਬਣਾਇਆ ਸੀ ਕਿ ਵਿਆਹੇ ਕੈਦੀਆਂ ਲਈ ਉਪਰੋਕਤ ਮੁਲਾਕਾਤਾਂ ਤੋਂ ਵੱਖਰੀ ਹਰ ਮਹੀਨੇ ਇਕ ਅਜਿਹੀ ਮੁਲਾਕਾਤ ਦਾ ਇੰਤਜ਼ਾਮ ਕੀਤਾ ਜਾਵੇ, ਜਿਥੇ ਉਸਦੇ ਬੀਵੀ ਬੱਚੇ ਰਾਤ ਠਹਿਰ ਸਕਣ। ਇਹ ਬਹੁਤ ਸਹੀ ਤੇ ਜ਼ਰੂਰੀ ਕਦਮ ਹੈ, ਕਿਓਂਕਿ ਲੰਬੀ ਜੁਦਾਈ ਕਰਕੇ ਮਰਦ-ਔਰਤਾਂ ਦੀ ਮਾਨਸਕ ਤੇ ਸਰੀਰਕ ਲੋੜਾਂ ਦੀ ਪੂਰਤੀ ਨਾ ਹੋਣਾ ਜਿਥੇ ਕੈਦੀਆਂ ਨੂੰ ਅਨੇਕਾਂ ਰੋਗਾਂ ਦਾ ਸ਼ਿਕਾਰ ਬਣਾਓਂਦੀ ਹੈ, ਉਥੇ ਬਾਹਰ ਔਰਤਾਂ ਨੂੰ ਵੀ ਗਲਤ ਲੀਹੇ ਪੈਣ ਦਾ ਆਧਾਰ ਤਿਆਰ ਕਰਦੀ ਹੈ। ਹਰ ਜੇਲ੍ਹ 'ਚ ਅਜਿਹੀਆਂ ਮੁਲਾਕਾਤਾਂ ਦੇ ਚੰਗੇਰੇ ਪ੍ਰਬੰਧ ਲਈ ਵੱਖਰੇ ਮੁਲਾਕਾਤੀ ਚੱਕੀ ਹਾਤੇ ਬਣਾਏ, ਜਿਵੇਂ ਕਿ ਓਪਨ ਜੇਲਾਂ 'ਚ ਹੁੰਦਾ ਹੈ। ਕੈਦੀਆਂ ਤੇ ਉਸਦੇ ਪਰਿਵਾਰ ਦੀ ਮਾਨਸਕ ਤੇ ਸਰੀਰਕ ਸੰਤੁਸ਼ਟੀ ਲਾਜ਼ਮੀ ਹੀ ਉਨ੍ਹਾਂ ਨੂੰ ਸੁਧਾਰ ਦੇ ਰਾਹ ਪਾਵੇਗੀ।

13. ਕੈਦੀ ਪੰਚਾਇਤਾਂ ਬਾਰੇ :—

ੳ. ਆਜ਼ਾਦ, ਜਮਹੂਰੀ ਤੇ ਲੋਕ-ਪੱਖੀ ਹੋਣ ਦਾ ਦਾਅਵਾ ਕਰਦੀ ਕਿਸੇ ਸਰਕਾਰ ਨੂੰ ਹਕੀਕੀ ਤੌਰ 'ਤੇ ਅੰਗਣ ਦਾ ਪੈਮਾਨਾ ਹੀ ਇਹ ਬਣਦਾ ਹੈ ਕਿ ਉਸ ਨੂੰ ਲੋਕ-ਰਾਇ ਤੇ ਜਥੇਬੰਦੀ ਦੀ ਕਿੰਨੀ ਕੁ ਕਦਰ ਅਤੇ ਵੁੱਕਤ ਹੈ। ਕੈਦੀ ਸਮਾਜ ਦੀ ਚੇਤਨਾ, ਸੁਧਾਰ, ਹੱਕਾਂ ਤੇ ਔਕੜਾਂ

ਨੂੰ ਸੁਨਣ-ਸਮਝਣ ਲਈ ਕੈਦੀ ਪੰਚਾਇਤਾਂ ਦੀ ਬੇਹੱਦ ਮਹੱਤਤਾ ਹੈ।

ਅ. ਭਾਵੇਂ ਵਰਤਮਾਨ ਕਾਨੂੰਨ ਮੁਤਾਬਕ ਜੇਲ੍ਹਾਂ 'ਚ ਕੈਦੀ ਪੰਚਾਇਤਾਂ ਦੀ ਚੋਣ ਕਰਨ ਦੀ ਵਿਵਸਥਾ ਕਾਇਮ ਹੈ, ਪਰ ਇਹ ਕਾਰਵਾਈ ਨਿਰੋਲ ਕਾਗਜ਼ੀ ਹੁੰਦੀ ਹੈ। ਨਾ ਸਿਰਫ ਕਦੇ ਵੀ ਪੰਚਾਇਤ ਦੀ ਚੋਣ ਨਹੀਂ ਕੀਤੀ ਜਾਂਦੀ ਸਗੋਂ ਇਸਦੇ ਫਰਜ਼ੀ ਨੁਮਾਇੰਦਿਆਂ ਦੀ ਜਾਣਕਾਰੀ ਇਕ ਵੀ ਕੈਦੀ ਨੂੰ ਨਹੀਂ ਹੁੰਦੀ। ਇਹ ਬੋਗਸ ਕਾਰਵਾਈ ਰੱਦ ਕਰਕੇ ਸਹੀ ਕੈਦੀ ਪੰਚਾਇਤ ਦੀ ਸੁਥਾਪਤੀ ਲਈ ਹਰ ਸਾਲ ਇਕੋ ਦਿਨ ਤਹਿ ਕਰਕੇ ਮੁਖ-ਦਫਤਰ ਦੇ ਨੁਮਾਇੰਦਿਆਂ ਦੀ ਹਾਜ਼ਰੀ 'ਚ ਗੁਪਤ ਵੋਟਾਂ ਨਾਲ ਸਾਰੀਆਂ ਜੇਲ੍ਹਾਂ 'ਚ ਚੋਣਾਂ ਕਰਾਉਣਾ ਲਾਜ਼ਮੀ ਕਰਾਰ ਦਿਤਾ ਜਾਵੇ।

ੲ. ਚੁਣੇ ਪੰਚਾਇਤੀ ਨੁਮਾਇੰਦਿਆਂ ਨੂੰ ਬੇਲੋੜੇ ਡਰ ਤੋਂ ਮੁਕਤ ਕਰਨ ਲਈ ਇਨ੍ਹਾਂ ਨੂੰ ਹਰ ਕਿਸਮ ਦੀ ਮਸ਼ੱਕਤ ਤੋਂ ਸੁਰਖੁਰੂ ਕੀਤਾ ਜਾਵੇ। ਇਨ੍ਹਾਂ ਨੂੰ ਰਾਸ਼ਨ ਦੀ ਮਿਕਦਾਰ ਅਤੇ ਸਿਫਤ ਨੂੰ ਵੇਖਣ-ਪਰਖਣ ਦਾ ਅਧਿਕਾਰ ਹੋਵੇ। ਤਲਬੀ ਤੇ ਜੁਰਮਾਂ ਦੀ ਸੁਣਵਾਈ ਸਮੇਂ ਇਨ੍ਹਾਂ ਦੀ ਹਾਜ਼ਰੀ ਤੇ ਸ਼ਮੂਲੀਅਤ ਲਾਜ਼ਮੀ ਬਣਾਈ ਜਾਵੇ। ਜੇਲ੍ਹ-ਭਲਾਈ ਦਫਤਰ ਵਲੋਂ ਬਣਦੀਆਂ ਵਿਉਂਤਾਂ 'ਚ ਇਨ੍ਹਾਂ ਨੂੰ ਸ਼ਾਮਲ ਕੀਤਾ ਜਾਵੇ ਅਤੇ ਇਨ੍ਹਾਂ ਦੀ ਰਾਇ ਨੂੰ ਵਜ਼ਨ ਦਿਤਾ ਜਾਵੇ। ਅਜਿਹੀ ਚੋਣ, ਸ਼ਮੂਲੀਅਤ ਅਤੇ ਅਖਤਿਆਰਾਂ ਦੀ ਮਾਲਕ ਕੋਈ ਕੈਦੀ ਪੰਚਾਇਤ ਹੀ ਕੈਦੀਆਂ ਦੇ ਸੁਧਾਰ, ਇਨਸਾਫ ਤੇ ਜੇਲ-ਅਧਿਕਾਰੀਆਂ ਦੀਆਂ ਮਨਮਾਨੀਆਂ ਰੋਕਣ 'ਚ ਸਹਾਈ ਰੋਲ ਨਿਭਾ ਸਕਦੀ ਹੈ।

## 14. ਸਭਿਆਚਾਰਕ ਵਿਕਾਸ ਬਾਰੇ :

ੳ. ਉਂਞ ਤਾਂ ਕਿਸੇ ਵੀ ਇਨਸਾਨ ਦੀ ਸਮਤੋਲ ਸ਼ਖ਼ਸੀਅਤ ਦੇ ਵਿਕਾਸ ਲਈ ਸਭਿਆਚਾਰ ਦਾ ਰੋਲ ਬਹੁਤ ਅਹਿਮ ਹੈ ਪਰ, ਇਕ ਕੈਦੀ, ਜਿਹੜਾ ਜ਼ਿੰਦਗੀ ਦੀਆਂ ਸਾਰੀਆਂ ਲਜ਼ਤਾਂ, ਰੰਗੀਨੀਆਂ ਤੇ ਖੂਬਸੂਰਤੀਆਂ ਤੇ ਲੋੜਾਂ ਤੋਂ ਪੂਰੀ ਤਰ੍ਹਾਂ ਟੁੱਟਿਆ ਹੁੰਦਾ ਹੈ, ਇਸਦੀ ਮਹੱਤਤਾ ਕਿਤੇ ਵੱਡੀ ਹੈ। ਇਹ ਮਹਿਜ਼ ਮਨੋਰੰਜਨ ਦਾ ਸਾਧਨ ਹੀ ਨਹੀਂ, ਸਗੋਂ ਇਨਸਾਨੀ ਸੋਚ, ਸੁਧਾਰ ਤੇ ਅਮਲ ਦੇ ਵਿਕਾਸ 'ਚ ਵੀ ਮਹੱਤਵ ਪੂਰਨ ਰੋਲ ਨਿਭਾਉਂਦਾ ਹੈ।

ਅ. ਸਾਡਾ ਜੇਲ-ਮੈਨੂਅਲ ਭਾਵੇਂ ਕੈਦੀਆਂ ਦੇ ਰਾਜਨੀਤਕ ਅਧਿਕਾਰ ਤਾਂ ਖੋਂਹਦਾ ਹੈ ਪਰ ਉਹ ਕਿਸੇ ਤਰ੍ਹਾਂ ਵੀ ਸਾਡੇ ਸਭਿਆਚਾਰਕ ਅਧਿਕਾਰਾਂ ਤੇ ਪੋਚਾ ਨਹੀਂ ਮਾਰਦਾ। ਪਰ ਕਿਉਂਕਿ ਜੇਲ-ਅਧਿਕਾਰੀਆਂ ਦਾ ਕੈਦੀਆਂ ਨਾਲ ਰਿਸ਼ਤਾ ਭਰੋਸੇ ਵਾਲਾ ਨਹੀਂ, ਸਗੋਂ ਗੁਲਾਮ-ਮਾਲਕ ਵਾਲਾ ਹੁੰਦਾ ਹੈ, ਇਸ ਕਰਕੇ ਉਹ ਕੈਦੀਆਂ ਦੀ ਕਿਸੇ ਵੀ ਤਰੱਕੀ ਨੂੰ ਸੁਖਾਲਿਆਂ ਬਰਦਾਸ਼ਤ ਨਹੀਂ ਕਰਦੇ। ਅੰਗਰੇਜ਼ ਹੁਕਮਰਾਨਾ ਵਲੋਂ ਚਲਾਈ ਤੇ ਬਰਕਰਾਰ ਰਹਿੰਦੀ ਆ ਰਹੀ ਇਸ ਜਾਬਰ ਤੇ ਪਿਛੇ ਖਿੱਚੂ ਵਿਹਾਰ ਨੂੰ ਬਦਲਣਾ ਚਾਹੀਦਾ ਹੈ।

ੲ. ਸਭਿਆਚਾਰ ਮਸਲੇ ਨੂੰ ਕੈਦੀ ਦੇ ਮਨੋਰੰਜਨ ਤੇ ਸੁਧਾਰ ਦਾ ਸਾਧਨ ਬਨਾਉਣ ਲਈ ਚੌਤਰਫੇ ਕਦਮ ਚੁੱਕਣੇ ਚਾਹੀਦੇ ਹਨ। ਅਸੀਂ ਹੁਣ ਇਸ ਦੇ ਅੱਡ-2 ਪਹਿਲੂਆਂ ਬਾਰੇ ਚਰਚਾ ਕਰਾਂਗੇ।

**ਵਿਦਿਆ ਬਾਰੇ :** ਭਾਵੇਂ ਸਰਕਾਰੀ ਨੀਤੀ ਅਨੁਸਾਰ ਜੇਲ 'ਚ ਬਾਲਗ ਵਿਦਿਆ ਸ਼ੁਰੂ ਕੀਤੀ ਹੋਈ ਹੈ। ਇਸ ਲਈ ਅਧਿਆਪਕ ਵੀ ਰੱਖੇ ਹਨ, ਪਰ ਇਨ੍ਹਾਂ ਦੀ ਪ੍ਰਾਪਤੀ ਸਿਫਰ ਤੋਂ ਵੱਧ ਕੁਝ ਨਹੀਂ। ਜੇਲ੍ਹ ਅਧਿਕਾਰੀ ਨਾ ਸਿਰਫ ਇਸ 'ਚ ਦਿਲਚਸਪੀ ਨਹੀਂ ਲੈਂਦੇ ਸਗੋਂ ਅੜਿੱਕੇ ਵੀ ਖੜੇ ਕਰਦੇ ਹਨ। ਫਰਜ਼ੀ ਤੇ ਮਾਸਕ ਰਿਪੋਰਟਾਂ ਦੇ ਬਾਵਜੂਦ ਇਕ ਅਜਿਹਾ ਕੈਦੀ ਵੀ ਨਹੀਂ ਲੱਭਦਾ, ਜਿਹੜਾ ਬਾਲਗ ਵਿਦਿਆ ਰਾਹੀਂ ਪੜ੍ਹਿਆ ਹੋਵੇ। ਇਸਨੂੰ ਸਾਰਥਕ ਬਨਾਉਣ ਲਈ ਬਾਲਗ ਵਿਦਿਆਰਥੀਆਂ ਨੂੰ ਮੁਸ਼ੱਕਤ ਸਮੇਂ 'ਚੋਂ ਇਕ ਘੰਟਾ ਛੋਟ ਦਿਤੀ ਜਾਵੇ। ਹਰ ਸਾਲ ਬੀ. ਓ. ਜਾਂ ਡੀ. ਓ. ਦਾ ਕੋਈ ਨੁਮਾਇੰਦਾ ਜੇਲ੍ਹ 'ਚ ਆ ਕੇ ਇਮਤਿਹਾਨ ਲਵੇ ਤੇ ਸਰਟੀਫਿਕੇਟ ਦੇਵੇ। ਅਜਿਹਾ ਕੀਤੇ ਬਿਨਾਂ ਬਾਲਗ ਵਿਦਿਆ ਨੂੰ ਕਾਗਜ਼ਾਂ ਚੋਂ ਕੱਢਕੇ ਹਕੀਕੀ ਕਾਰਵਾਈ ਨਹੀਂ ਬਣਾਇਆ ਜਾ ਸਕਦਾ।

—ਸਾਡੇ ਸਮਾਜ ਵਿਚ ਵਧ ਰਹੀ ਬੇਚੈਨੀ, ਅਸੰਤੋਸ਼ ਤੇ ਬੇਰੁਜ਼ਗਾਰੀ ਵਰਗੀਆਂ ਕੁਰੀਤੀਆਂ ਕਾਰਣ ਪਹਿਲਾਂ ਦੇ ਮੁਕਾਬਲੇ ਕਿਤੇ ਵੱਧ ਪੜ੍ਹੇ ਲਿਖੇ ਨੌਜਵਾਨ ਜੇਲ੍ਹਾਂ ਅੰਦਰ ਆ ਰਹੇ ਹਨ। ਇਹ ਵਾਧਾ ਉਚ ਵਿਦਿਆ ਨੂੰ ਉਤਸਾਹਿਤ ਤੇ ਲਾਗੂ ਕਰਨ ਦੀ ਲੋੜ ਉਭਾਰਦਾ ਹੈ। ਇਸ ਲਈ ਜੇਲ੍ਹਾਂ 'ਚ ਗਿਆਨੀ, ਬੁਧੀਮਾਨੀ, ਬੀ.ਏ. ਆਦਿ ਤੱਕ ਦੀਆਂ ਕਿਤਾਬਾਂ ਜੇਲ੍ਹ-ਲਾਇਬਰੇਰੀ ਚੋਂ ਮੁਫਤ ਮੁਹੱਈਆ ਕੀਤੀਆਂ ਜਾਣ, ਲੋੜੀਂਦੀ ਅਗਵਾਈ ਤੇ ਮਦਦ ਲਈ ਪ੍ਰੋਫੈਸਰ ਰੱਖੇ ਜਾਣ ਅਤੇ ਇਮਤਿਹਾਨਾਂ ਦੇ ਦਿਨਾਂ 'ਚ ਵਿਦਿਆਰਥੀਆਂ ਨੂੰ ਦੋ ਮਹੀਨੇ ਹਰ ਕਿਸਮ ਦੀ ਮੁਸ਼ੱਕਤ ਤੋਂ ਛੋਟ ਦਿਤੀ ਜਾਵੇ। ਹਾਈਕੋਰਟ ਵਲੋਂ ਪਹਿਲਾਂ ਹੀ ਇਕ ਮਹੀਨੇ ਦੀ ਦਿਤੀ ਛੋਟ ਦੇ ਬਾਵਜੂਦ ਅਧਿਕਾਰੀ ਇਕ ਦਿਨ ਦੀ ਵੀ ਵੇਹਲ ਨਹੀਂ ਦਿੰਦੇ। ਅਜਿਹੇ ਗਲਤ ਤੇ ਪਿਛਾਂਹ ਖਿੱਚੂ ਵਿਹਾਰ ਨੂੰ ਰੱਦ ਕਰੇ ਬਿਨ੍ਹਾਂ ਵਿਦਿਆ ਨੂੰ ਉਤਸਾਹਿਤ ਕਰਨਾ ਸ਼ੇਖਚਿਲੀ ਦਾ ਸੁਪਨਾ ਬਣਕੇ ਰਹਿ ਜਾਵੇਗਾ।

—1977 'ਚ ਸ: ਬਾਦਲ ਇਕ ਅਜਿਹੀ ਤਜਵੀਜ਼

ਬਾਰੇ ਗੌਰ ਕਰ ਤਹਿ ਸੁਨ ਕਿ ਉੱਚ ਜਮਾਤਾਂ ਦੇ ਵਿਦਿਆਰਥੀਆਂ ਨੂੰ ਜ਼ਮਾਨਤ ਤੇ ਲੋੜੀਂਦੀ ਗਾਰਦ ਦੇ ਇੰਤਜ਼ਾਮ ਕਰਕੇ ਕਾਲਜਾਂ ਯੂਨੀਵਰਸਿਟੀਆਂ 'ਚ ਭੇਜਿਆ ਜਾਵੇ। ਇਹ ਤਰੀਕਾ ਬਹੁਤ ਹੀ ਉਸਾਰੂ ਹੋ ਸਕਦਾ ਹੈ। ਇਹ ਕਦਮ ਕੈਦੀਆਂ ਨੂੰ ਪੜ੍ਹੇ-ਲਿਖੇ ਸਮਾਜ ਨਾਲ ਜੁੜਨ ਕਰਕੇ ਉਨ੍ਹਾਂ ਦੀਆਂ ਨਰੋਈਆਂ ਕਦਰਾਂ-ਕੀਮਤਾਂ ਗ੍ਰਹਿਣ ਕਰਨ ਦਾ ਮੌਕਾ ਮੁਹੱਈਆ ਕਰੇਗਾ, ਜਿਹੜਾ ਮੋੜਵੇਂ ਰੂਪ 'ਚ ਕੈਦੀਆਂ ਦੇ ਸੁਧਾਰ 'ਚ ਸਹਾਈ ਹੋਵੇਗਾ।

**ਉਸਾਰੂ ਮਨੋਰੰਜਨ ਬਾਰੇ**

—ਇਸ ਮੰਤਵ ਲਈ ਹਰ ਮਹੀਨੇ ਘੱਟੋ ਘੱਟ ਇਕ ਵਾਰ ਡਰਾਮਿਆਂ ਗੀਤਾਂ ਤੇ ਕਵੀ ਦਰਬਾਰਾਂ ਦੇ ਪ੍ਰੋਗਰਾਮ ਜ਼ਰੂਰ ਕਰਾਏ ਜਾਣ। ਜਿਹੜੇ ਲੱਚਰ ਤੇ ਘਟੀਆ ਹੋਣ ਦੀ ਥਾਂ ਅਗਾਂਹ ਵਧੂ, ਸਮਾਜਕ ਤੇ ਲੋਕ-ਚੇਤਨਾ ਨੂੰ ਵਿਕਸਤ ਕਰਨ ਵਾਲੇ ਹੋਣ। ਇਸ ਤੋਂ ਬਿਨ੍ਹਾਂ, ਕੈਦੀਆਂ ਦੀਆਂ ਆਪਣੀ ਸਭਿਆਚਾਰਕ ਮੰਡਲੀਆਂ ਵਧਾਉਣ ਦੇ ਲਈ ਕੈਦੀਆਂ ਵਲੋਂ ਖੁਦ ਤਿਆਰ ਕੀਤੇ ਡਰਾਮਿਆਂ, ਗੀਤਾਂ ਤੇ ਕਵਿਤਾਵਾਂ ਦੇ ਸੂਬਾ-ਪੱਧਰੀ ਮੁਕਾਬਲੇ ਕਰਾਏ ਤੇ ਇਨਾਮ ਵੰਡੇ ਜਾਣ। ਹਰ ਸਾਲ ਕੈਦੀ ਸਮਾਜ ਦੇ ਅੱਡ-2 ਜੇਲ੍ਹਾਂ 'ਚ ਬਹੁ-ਪੱਖੀ ਸਭਿਆਚਾਰਕ ਮੇਲੇ ਲਾਏ ਜਾਣ ਜਿਨਾਂ 'ਚ ਕੈਦੀਆਂ ਨੂੰ ਆਪਣੀ ਬੌਧਿਕ ਕਲਾਤਮਕ ਪ੍ਰਤਿਭਾ ਪ੍ਰਗਟਾਉਣ ਦਾ ਮੌਕਾ ਮਿਲੇ।

—ਸਮੇਂ-2 ਜੇਲ੍ਹਾਂ 'ਚ ਅਗਾਂਹਵਧੂ ਤੇ ਸਮਾਜ-ਸੁਧਾਰਕ ਲੇਖਕਾਂ ਬੁਧੀਮਾਨਾਂ, ਆਗੂਆਂ, ਮਨੋਵਿਗਿਆਨਕਾਂ ਤੇ ਹੋਰ ਵਿਅਕਤੀਆਂ ਨੂੰ ਸੱਦਿਆ ਜਾਵੇ, ਜਿਹੜੇ ਕੈਦੀਆਂ ਨੂੰ ਮਾਨਸਿਕ ਰੋਗਾਂ ਤੋਂ ਮੁਕਤ ਕਰਨ ਲਈ ਉਸਾਰੂ ਵਿਚਾਰ ਪੇਸ਼ ਕਰਨ। ਅਜਿਹੇ ਸੱਜਣਾਂ ਦੀ ਸੇਧ ਤੋਂ ਅਗਵਾਈ 'ਚ ਚੋਣਵੇਂ ਵਿਸ਼ੇ ਤਹਿ ਕਰਕੇ ਕੈਦੀਆਂ ਦੇ ਆਪਸੀ ਜੇਲ੍ਹ ਤੇ ਸੂਬਾਈ ਪੱਧਰ ਦੇ ਸੈਮੀਨਾਰ ਕਰਾਏ ਜਾਣ। ਅਜਿਹਾ ਕਰਕੇ ਹੀ ਅਸੀਂ ਕੈਦੀਆਂ 'ਚ ਆਤਮ-ਵਿਸ਼ਵਾਸ਼, ਸੋਝੀ ਤੇ ਸੁਧਾਰ ਲਈ ਹਾਲਤ ਪੈਦਾ ਕਰ ਸਕਦੇ ਹਾਂ।

—ਜੇਲ੍ਹ ਦੀ ਹਰ ਬੈਰਕ 'ਚ (ਬਠਿੰਡੇ ਵਾਂਗੂ) ਟੀ. ਵੀ. ਸੈੱਟ ਲਾਏ ਜਾਣ।

—ਹਰ ਜੇਲ੍ਹ 'ਚ ਇਕ ਭਾਈਚਾਰਕ (ਕਮਿਊਨਿਟੀ) ਕੇਂਦਰ ਸਥਾਪਤ ਕੀਤਾ ਜਾਵੇ, ਜਿਥੇ ਕੈਦੀ ਨਾ ਸਿਰਫ ਅਖਬਾਰ ਰਸਾਲੇ ਪੜ੍ਹਨ ਤੇ ਮਨ ਪਸੰਦ ਖੇਡਾਂ ਨਾਲ ਜੀਅ ਬਹਿਲਾ ਸਕਣ, ਸਗੋਂ ਵਖ-2 ਮਸਲਿਆਂ ਤੇ ਸਮੂਹਕ ਵਿਚਾਰ-ਚਰਚਾ ਵੀ ਕਰ ਸਕਣ।

—ਕੈਦੀਆਂ ਦੇ ਸਭਿਆਚਾਰਕ ਵਿਕਾਸ ਲਈ ਸਾਲ 'ਚ ਇਕ ਟੂਰ ਲਾਉਣ ਦਾ ਪ੍ਰਬੰਧ ਵੀ ਕੀਤਾ ਜਾਵੇ ਜਿਸ ਜ਼ਰੀਏ ਕੈਦੀਆਂ ਨੂੰ ਮਨੁੱਖੀ ਮਿਹਨਤ ਤੇ ਖੋਜ ਦੇ ਬੇਹਤਰੀਨ ਨਮੂਨੇ ਅਤੇ ਦੇਸ਼ ਦੀਆਂ ਖੂਬਸੂਰਤ ਯਾਦਗਾਰਾਂ ਵੇਖਣ ਦਾ ਸੁਭਾਗ ਪ੍ਰਾਪਤ ਹੋਵੇ।

**ਖੇਡਾਂ ਬਾਰੇ:**

ਮਾਨਸਕ ਅਤੇ ਸਰੀਰਕ ਤੰਦਰੁਸਤੀ ਵਾਸਤੇ ਹੀ ਨਹੀਂ ਮਨੋਰੰਜਨ ਪੱਖੋਂ ਵੀ ਖੇਡਾਂ ਦਾ ਰੋਲ ਵੱਡਾ ਹੈ। ਪਰ ਜੇਲ ਅਧਿਕਾਰੀ ਇਨ੍ਹਾਂ ਨੂੰ ਉਤਸ਼ਾਹਿਤ ਕਰਨ 'ਚ ਜ਼ਰਾ ਵੀ ਦਿਲਚਸਪੀ ਨਹੀਂ ਲੈਂਦੇ। ਜੇਲ੍ਹਾਂ 'ਚ ਕਬੱਡੀ, ਫੁੱਟਬਾਲ, ਹਾਕੀ, ਵਾਲੀਬਾਲ, ਕੁਸ਼ਤੀ, ਗੁੱਲਾ, ਤੈਰਾਕੀ, ਸ਼ਤਰੰਜ ਬੈਡਮਿੰਟਨ ਤੇ ਟੇਬਲ ਟੈਨਿਸ ਵਰਗੀਆਂ ਖੇਡਾਂ ਦਾ ਪ੍ਰਬੰਧ ਕੀਤਾ ਜਾਵੇ ਜਿਹੜੀਆਂ ਕੈਦੀਆਂ ਦੇ ਸਰੀਰਕ ਤੇ ਦਿਮਾਗੀ ਵਿਕਾਸ 'ਚ ਸਹਾਈ ਹੋਣ। ਇਨ੍ਹਾਂ ਨੂੰ ਉਤਸ਼ਾਹਿਤ ਕਰਨ ਲਈ ਸੂਬਾਈ ਪੱਧਰ ਤੇ ਮੁਕਾਬਲੇ ਕਰਾਏ ਤੇ ਇਨਾਮ ਵੰਡੇ ਜਾਣ ਅਤੇ ਚੋਣਵੇਂ ਖਿਡਾਰੀਆਂ ਨੂੰ ਮੁਸ਼ੱਕਤ ਤੋਂ ਛੋਟ ਤੇ ਚੰਗੀ ਖੁਰਾਕ ਦਾ ਪ੍ਰਬੰਧ ਕੀਤਾ ਜਾਵੇ।

**ਲਾਇਬਰੇਰੀ ਬਾਰੇ:**

ਜੇਲ੍ਹਾਂ 'ਚ ਲਾਇਬਰੇਰੀ ਦਾ ਹਕੀਕੀ ਪ੍ਰਬੰਧ ਕਰਨਾ ਵੀ ਬਹੁਤ ਜ਼ਰੂਰੀ ਹੈ। ਅੱਜਕੱਲ ਜਾਂ ਤਾਂ ਬਹੁਤੀਆਂ ਜੇਲ੍ਹਾਂ 'ਚ ਇਨ੍ਹਾਂ ਦੀ ਹੋਂਦ ਹੀ ਨਹੀਂ ਤੇ ਜਿਥੇ ਹੈ, ਉਥੇ ਹਾਲਤ ਬਹੁਤ ਮੰਦੀ ਹੈ। ਕਿਤਾਬਾਂ ਏਨੀਆਂ ਪਾਟੀਆਂ ਤੇ ਪੁਰਾਣੇ ਸਮੇਂ ਦੀਆਂ ਹਨ, ਜਿਨ੍ਹਾਂ ਦਾ ਨਾ ਤਾਂ ਕੈਦੀ ਦੇ ਮਨੋਰੰਜਨ ਪੱਖੋਂ ਫਾਇਦਾ ਹੁੰਦਾ ਹੈ ਤੇ ਨਾ ਉਸਦੀ ਚੇਤਨਾ ਪੱਖੋਂ। ਹਰ ਜੇਲ੍ਹ 'ਚ ਇਕ ਲਾਇਬਰੇਰੀ ਲਾਜ਼ਮੀ ਕਰਾਰ ਦਿੱਤੀ ਜਾਵੇ ਅਤੇ ਇਸ 'ਚੋਂ ਬੇ-ਰਸ, ਬੋਰ-ਕਰੂ ਤੇ ਪਿਛਾਹ-ਖਿਚੂ, ਕੂੜਾ-ਕਰਕਟ ਕੱਢਕੇ ਅਜਿਹੀਆਂ ਕਿਤਾਬਾਂ ਰੱਖੀਆਂ ਜਾਣ ਜਿਹੜੀਆਂ ਕੈਦੀਆਂ ਦੀਆਂ ਜਜ਼ਬਾਤੀ ਭਾਵਨਾਵਾਂ ਨੂੰ ਸੰਤੁਸ਼ਟ ਕਰਨ ਦੇ ਨਾਲ ਹੀ ਸਾਡੇ ਇਤਿਹਾਸ, ਸਮਾਜ ਤੇ ਸਭਿਆਚਾਰ ਦੀਆਂ ਨਰੋਈਆਂ ਕਦਰਾਂ-ਕੀਮਤਾਂ ਤੇ ਵਿਚਾਰਾਂ ਬਾਰੇ ਸੋਝੀ ਦੇਣ। ਸਾਡੇ ਅਗਾਂਹ-ਵਧੂ ਲੇਖਕਾਂ ਵਲੋਂ ਲਿਖੀਆਂ ਸਮਾਜਕ, ਇਤਿਹਾਸਕ ਤੇ ਧਾਰਮਿਕ ਸਾਹਿਤ ਤੋਂ ਬਿਨਾ ਸੰਸਾਰ ਦੇ ਚੁਣਵੇਂ ਲੇਖਕਾਂ ਦੇ ਅਨੁਵਾਦ ਵੀ ਰੱਖੇ ਜਾਣ। ਸਮੇਂ-2 ਸਿਰ ਕਿਤਾਬਾਂ ਦੀ ਬਦਲੀ ਕਰਕੇ ਨਵੀਆਂ ਕਿਤਾਬਾਂ ਲਿਆਂਦੀਆਂ ਜਾਣ। ਇਸ ਸਭ ਕਾਸੇ ਦਾ ਪ੍ਰਬੰਧ ਕਰਨ ਲਈ ਬਾਕਾਇਦਾ ਲਾਇਬਰੇਰੀਅਨ ਰੱਖਿਆ ਜਾਵੇ।

**ਅਖਬਾਰਾਂ-ਰਸਾਲਿਆਂ ਬਾਰੇ**

ਮੌਜੂਦਾ ਕਾਨੂੰਨਾਂ ਅਨੁਸਾਰ ਜੇਲ੍ਹ 'ਚ 75 ਕੈਦੀਆਂ ਪਿੱਛੇ ਇਕ ਰਸਾਲਾ ਮਿਲਣ ਦਾ ਪ੍ਰਬੰਧ ਹੈ। ਇਹ ਰੇਸ਼ੋ ਬਹੁਤ ਸਮਾਂ ਪਹਿਲਾਂ ਤਹਿ ਕੀਤੀ ਗਈ ਸੀ ਜਦੋਂ ਬਹੁਤੇ ਕੈਦੀ ਅਨਪੜ੍ਹ ਹੁੰਦੇ ਸਨ। ਪਰ ਹੁਣ ਜਦੋਂ ਕੈਦੀ ਲਗ-

ਪਗ ਅਖਬਾਰ-ਰਸਾਲੇ ਪੜ੍ਹਨ ਦੇ ਸਮਰੱਥ ਹਨ ਤਾਂ ਇਹ ਅਨੁਪਾਤ ਬਦਲਣ ਦੀ ਲੋੜ ਹੈ। ਹੁਣ ਆਮ ਕੈਦੀਆਂ ਲਈ 25 ਪਿਛੇ ਇਕ ਅਖਬਾਰ ਤੇ ਇਕ ਰਸਾਲਾ ਮਿਲਣਾ ਲਾਜ਼ਮੀ ਕਰਾਰ ਦਿੱਤਾ ਜਾਵੇ ਅਤੇ ਇਹ ਬੀ. ਕਲਾਸੀਆਂ ਲਈ ਪੰਜ ਪਿਛੇ ਇਕ ਦਾ ਅਨੁਪਾਤ ਹੋਣਾ ਚਾਹੀਦਾ ਹੈ।

ਤਹਿਸ਼ੁਦਾ ਕਾਨੂੰਨ ਦੀ ਉਲੰਘਣਾ ਕਰਕੇ ਅਕਸਰ ਹੀ ਅਧਿਕਾਰੀ, ਮਾਸਕ, ਹਫ਼ਤੇਵਾਰੀ ਜਾਂ ਪੰਦਰਵਾੜੇ ਰਸਾਲੇ ਮੰਗਵਾਉਣ ਤੋਂ ਕੰਨੀ ਵੱਟਦੇ ਹਨ। ਸਾਨੂੰ ਨਾ ਸਿਰਫ਼ ਤਹਿ-ਸ਼ੁਦਾ ਰਸਾਲੇ ਮੰਗਵਾਉਣ ਲਈ ਸਖਤੀ ਨਾਲ ਅਮਲ ਕਰਨਾ ਚਾਹੀਦਾ ਹੈ, ਸਗੋਂ ਨਵੇਂ ਤੇ ਉਸਾਰੂ ਸੋਚ ਵਾਲੇ ਰਸਾਲੇ ਸ਼ਾਮਲ ਕਰਨੇ ਚਾਹੀਦੇ ਹਨ। ਸਾਡੇ ਵਿਚਾਰ 'ਚ ਵੱਖਰੀਆਂ ਵੱਖਰੀਆਂ ਭਾਵਨਾਵਾਂ ਤੇ ਵਿਚਾਰਾਂ ਨੂੰ ਸੰਤੁਸ਼ਟ ਕਰਨ ਲਈ, ਪ੍ਰੀਤਲੜੀ, ਨਾਗਮਣੀ, ਆਰਸੀ, ਸਮਤਾ, ਸੁਰਖ-ਰੇਖਾ, ਇਨਕਲਾਬੀ ਜਨਤਕ-ਲੀਹ, ਕੌਮੀ ਸਚਿਤਰ ਏਕਤਾ ਤੇ ਬਲਿਟਜ਼ ਆਦਿ ਰਸਾਲੇ ਜ਼ਰੂਰ ਜ਼ਰੂਰ ਮੰਗਵਾਉਣੇ ਚਾਹੀਦੇ ਹਨ।

**15. ਟੱਲ੍ਹ ਬਾਰੇ :**

ੳ) ਜੇਲ-ਮੈਨੂਅਲ ਮੁਤਾਬਕ ਟੱਲ੍ਹ (ਅਲਾਰਮ) ਦਾ ਅਖਤਿਆਰ ਜੇਲ੍ਹ-ਸੁਪਰਡੈਂਟ ਨੂੰ ਬੇ-ਹੱਦ ਤਾਨਾਸ਼ਾਹ ਤੇ ਅਸੀਮਤ ਤਾਕਤ ਦਾ ਮਾਲਕ ਬਣਾਉਂਦਾ ਹੈ ਜਿਸਦੀ ਵਰਤੋਂ ਉਹ ਕੈਦੀਆਂ ਨੂੰ ਡਰਾਉਣ, ਦਬਾਉਣ ਤੇ ਕੁਚਲਣ ਤੇ ਹੀਣੇ ਬਣਾਉਣ ਲਈ ਕਰਦੇ ਹਨ।

ਅ) ਮਾਮੂਲੀ ਤੋਂ ਮਾਮੂਲੀ ਗੱਲਾਂ (ਜਿਵੇਂ ਕਿਸੇ ਨੰਬਰਦਾਰ ਨੂੰ ਸੁੱਤਾ ਫੜ ਲੈਣ, ਕੰਧਾਂ ਤੇ ਟੰਗੀ ਕੋਈ ਲੀਰ ਨਜ਼ਰੀਂ ਪੈਣ ਆਦਿ) ਦਾ ਬਹਾਨਾ ਘੜਕੇ, ਖਾਸ ਕਰ ਸਿਆਸੀ ਤੇ ਜਨਤਕ ਜਦੋ-ਜਹਿਦਾਂ ਸਮੇਂ ਟੱਲ੍ਹ ਕਰ ਦਿੱਤਾ ਜਾਂਦਾ ਹੈ। ਇਸਦਾ ਮੰਤਵ ਕਿਸੇ ਮੁਸ਼ਕਲ 'ਤੇ ਕਾਬੂ ਪਾਉਣਾ ਹੀ ਨਹੀਂ ਰਹਿੰਦਾ ਸਗੋਂ ਇਸ ਪੱਜ ਥੱਲੇ ਰੜਕਵੇਂ ਇਨਸਾਫ-ਪਸੰਦ ਤੇ ਅਣਖੀ ਗਭਰੂਆਂ ਨੂੰ ਬੈਰਕਾਂ 'ਚੋਂ ਕੱਢ-ਕੱਢਕੇ ਗੈਰ-ਮਨੁੱਖੀ ਤਸ਼ੱਦਦ ਦਾ ਨਿਸ਼ਾਨਾ ਬਣਾਇਆ ਜਾਂਦਾ ਹੈ। ਇਸ ਨਾਲ ਕੈਦੀਆਂ ਹਵਾਲਾਤੀਆਂ ਨੂੰ ਸਰੀਰਕ ਤੌਰ 'ਤੇ ਅੰਗਹੀਣ, ਨਕਾਰਾ ਤੇ ਰੋਗੀ ਹੀ ਨਹੀਂ, ਸਗੋਂ ਕਈ ਵਾਰੀ ਜਾਨ ਤੋਂ ਹੱਥ ਵੀ ਧੋਣੇ ਪੈ ਜਾਂਦੇ ਹਨ। ਉਦਾਹਰਣ ਦੇ ਤੌਰ ਤੇ 1961 ਦੇ ਪੰਜਾਬੀ ਸੂਬੇ ਅੰਦੋਲਨ ਦੌਰਾਨ ਸਿਆਸੀ-ਬੰਦੀਆਂ ਤੇ ਇਸ ਕਰਕੇ ਟੱਲ੍ਹ ਕੀਤਾ, ਕਿਉਂਕਿ ਉਹ ਡੀ. ਸੀ. ਦੇ ਲਿਖਕੇ ਦਿੱਤੇ ਬਗੈਰ ਜੇਲ੍ਹ 'ਚੋਂ ਬਾਹਰ ਜਾਣ ਲਈ ਤਿਆਰ ਨਹੀਂ ਸਨ ਇਸ ਮੰਦਭਾਗੇ ਟੱਲ੍ਹ ਨੇ ਬਠਿੰਡੇ ਜੇਲ੍ਹ 'ਚ ਅੱਧੀ ਦਰਜਨ ਦੇ ਕਰੀਬ ਨੌਜਵਾਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ।

ੲ) ਹੁਣ ਨਾ ਸਿਰਫ਼ ਜੇਲ੍ਹ 'ਚ ਵਖਰੇ-2 ਹਾੜ੍ਹੇ ਮੌਜੂਦ ਜਗ੍ਹਾ ਹਨ, ਸਗੋਂ ਝੂਠੀ ਜ਼ਿਆਦਾ ਹੈ ਕਿ ਕਿਸੇ ਲੜਾਈ ਝਗੜੇ ਜਾਂ ਹੋਰ ਬਿਪਤਾ ਤੇ ਸੌਖਿਆਂ ਹੀ ਕਾਬੂ ਪਾਇਆ ਜਾ ਸਕਦਾ ਹੈ। ਇਸ ਲਈ ਮਨੁੱਖਤਾ ਦੀ ਜਾਨ-ਲੇਵਾ ਬਨਣ ਵਾਲੇ ਟੱਲ੍ਹ ਨੂੰ ਗੈਰ-ਕਾਨੂੰਨੀ ਕਰਾਰ ਦੇਣਾ ਚਾਹੀਦਾ ਹੈ।

**ਤਿਓਹਾਰੀ ਛੁੱਟੀਆਂ ਬਾਰੇ**

ਜੇਲ੍ਹ 'ਚ ਮਿਲਦੀਆਂ ਤਿਓਹਾਰੀ ਛੁੱਟੀਆਂ ਅੱਧੀ ਸਦੀ ਪਹਿਲਾਂ ਤਹਿ ਕੀਤੀਆਂ ਗਈਆਂ ਸਨ। ਉਸ ਸਮੇਂ ਤੋਂ ਬਾਦ ਸਾਡੇ ਦੇਸ਼ ਤੋਂ ਸੂਬਾਈ ਪੱਧਰ 'ਤੇ ਅਜਿਹੇ ਇਤਿਹਾਸਕ ਦਿਨਾਂ ਦਾ ਜਨਮ ਹੋਇਆ ਹੈ, ਜਿਨ੍ਹਾਂ ਦੀ ਬਾਹਰ ਛੁੱਟੀ ਹੁੰਦੀ ਹੈ। ਇਸ ਲਈ ਵਿਸ਼ਕਰਮਾ ਦਿਵਸ, ਮਈ ਦਿਵਸ, ਪੰਜਾਬ ਦਿਵਸ ਆਦਿ ਉਹ ਸਭ ਛੁੱਟੀਆਂ ਜੇਲ੍ਹ 'ਚ ਮਿਲਣੀਆਂ ਲਾਜ਼ਮੀ ਕਰਾਰ ਦਿੱਤੀਆਂ ਜਾਣ, ਜੋ ਸਰਕਾਰੀ ਪੱਧਰ 'ਤੇ ਪੰਜਾਬ 'ਚ ਮਿਲਦੀਆਂ ਹਨ।

**17. ਡਾਕਟਰੀ ਸਹੂਲਤਾਂ ਬਾਰੇ :**

ੳ) ਕੁਝ ਖਾਸ ਕੇਸਾਂ ਨੂੰ ਛੱਡਕੇ ਇਹ ਸੁਭਾਵਕ ਹੁੰਦਾ ਹੈ ਕਿ ਇਕ ਬਿਮਾਰ ਬੰਦੀ ਦੀ ਸੋਚ ਵੀ ਨਰੋਈ ਨਹੀਂ ਹੁੰਦੀ। ਇਹ ਸੱਚ ਯੋਗ ਡਾਕਟਰੀ ਸਹੂਲਤਾਂ ਦੀ ਮੰਗ ਕਰਦਾ ਹੈ, ਪਰ ਜੇਲ 'ਚ ਅੱਜ ਕਲ ਡਾਕਟਰੀ ਸਹੂਲਤਾਂ ਪੱਖੋਂ ਹਾਲਤ ਬਹੁਤ ਮੰਦੀ ਹੈ।

ਅ) ਭ੍ਰਿਸ਼ਟਾਚਾਰ ਰਾਹੀਂ ਜੇਬਾਂ ਭਰਨ ਲਈ ਡਾਕਟਰ ਰੋਜ਼ ਦੇ ਹਾਜ਼ਰੀ ਰਜਿਸਟਰ 'ਚ ਬਹੁਤੀ ਗਿਣਤੀ ਉਨ੍ਹਾਂ ਦੀ ਭਰ ਦਿੰਦੇ ਹਨ ਜਿਹੜੇ ਉਕਾ ਹੀ ਦਵਾਈ ਨਹੀਂ ਲੈਂਦੇ। ਜੋ ਕਦੇ ਘਟ-ਵੱਧ ਦਵਾਈ ਲੈਣ ਆਉਂਦੇ ਵੀ ਹਨ ਉਨ੍ਹਾਂ ਦੇ ਨਾਂ ਦੀ ਵੱਧ ਦਵਾਈ ਭਰੀ ਜਾਂਦੀ ਤੇ ਦਿੱਤੀ ਘੱਟ ਜਾਂਦੀ ਹੈ। ਇਸ ਹੇਰਾ ਫੇਰੀ ਰਾਹੀਂ ਦਵਾਈ ਬਹੁਤ ਵੱਡੀ ਮਾਤਰਾ 'ਚ ਬਾਹਰ ਵੇਚਕੇ ਜੇਬਾਂ ਭਰੀਆਂ ਜਾਂਦੀਆਂ ਹਨ।

ੲ) ਜੇਲ ਹਸਪਤਾਲ 'ਚ ਅਮੀਰ ਆਦਮੀ ਪੈਸੇ ਲੈ ਕੇ ਦਾਖਲ ਕਰ ਲਏ ਜਾਂਦੇ ਹਨ ਜਦੋਂ ਕਿ ਲੋੜਵੰਦ ਅਸਲੀ ਮਰੀਜ਼ਾਂ ਨੂੰ ਨੇੜੇ ਨਹੀਂ ਫਟਕਣ ਦਿੱਤਾ ਜਾਂਦਾ। ਇਲਾਜ ਦੀ ਅਣਗਹਿਲੀ ਕਰਕੇ ਅਨੇਕਾਂ ਕੈਦੀ ਸਮੇਂ ਤੋਂ ਪਹਿਲਾਂ ਹੀ ਮੌਤ ਦੇ ਮੂੰਹ ਜਾ ਪੈਂਦੇ ਹਨ, ਜਿਨ੍ਹਾਂ ਨੂੰ ਬਹਾਨੇ ਘੜ ਕੇ ਰਫ਼ਾ-ਦਫ਼ਾ ਕਰ ਦਿੱਤਾ ਜਾਂਦਾ ਹੈ।

ਸ) ਅਜਿਹੀ ਹੇਰਾਫੇਰੀ, ਰਿਸ਼ਵਤਖੋਰੀ ਤੇ ਬੇ-ਕਾਇਦਗੀ ਨੂੰ ਰੋਕਣ ਲਈ ਕੈਦੀ ਪੰਚਾਇਤ ਨੂੰ ਨਜ਼ਰ-ਸਾਨੀ ਦਾ ਅਖਤਿਆਰ ਦਿੱਤਾ ਜਾਵੇ, ਸਮੇਂ ਸਮੇਂ ਹੋਈਆਂ ਮੌਤਾਂ ਦੀ ਉੱਚ-ਪੱਧਰੀ ਜਾਂਚ-ਪੜਤਾਲ ਕਰਾਈ ਜਾਵੇ ਤੇ ਇਸ ਅਤੇ ਹੇਰਾਫੇਰੀ ਦੇ ਦੋਸ਼ੀ ਡਾਕਟਰਾਂ ਨੂੰ ਸਖ਼ਤ ਸਜ਼ਾ ਦਿੱਤੀ ਜਾਵੇ।

ਹ. ਆਮ ਇਲਾਜ ਤੋਂ ਇਲਾਵਾ 6 ਮਹੀਨਿਆਂ

'ਚ ਇਕ ਵਾਰੀ ਸਮੂਹ ਕੈਦੀਆਂ ਦੀ ਸਮੁੱਚੀ ਡਾਕਟਰੀ ਜਾਂਚ ਪੜਤਾਲ ਹੋਣੀ ਚਾਹੀਦੀ ਹੈ ਅਤੇ ਬਾਹਰਲੇ ਹਸਪਤਾਲ 'ਚ ਭੇਜਣ ਵਾਲੇ ਕੈਦੀਆਂ ਨੂੰ ਗਾਰਦ ਜੇਲ੍ਹ ਅੰਦਰੋਂ ਲਗਣੀ ਚਾਹੀਦੀ ਹੈ ਤਾਂ ਕਿ ਕੈਦੀ ਦੇ ਸਮੇਂ ਸਿਰ ਇਲਾਜ਼ ਚ ਕੋਈ ਰੁਕਾਵਟ ਨਾ ਪਵੇ।

**18. ਕੈਦੀਆਂ ਦੀ ਤਲਾਸ਼ੀ ਤੇ ਬੈਰਕ ਬੰਦੀ ਬਾਰੇ :**

ੳ. ਕੈਦੀਆਂ ਦੀ ਤਲਾਸ਼ੀ ਦੇ ਬਾਰੇ : ਸਮੂਹ ਕੈਦੀਆਂ ਦੀ ਤਲਾਸ਼ੀ ਲੈਣ ਦਾ ਮੌਜੂਦਾ ਕਾਨੂੰਨ ਅਜੋਕੇ ਸਮੇਂ ਦੇ ਅਨੁਕੂਲ ਨਹੀਂ। ਇਸਦਾ ਮੰਤਵ ਖ਼ਾਹਮਖਾਹ ਕੈਦੀਆਂ ਨੂੰ ਜ਼ਲੀਲ ਕਰਨ ਤੇ ਪ੍ਰੇਸ਼ਾਨ ਕਰਨ ਵਾਲਾ ਹੁੰਦਾ ਹੈ। ਨਵੀਂ ਸੋਚ ਦੀ ਲੋੜ ਮੰਗ ਕਰਦੀ ਹੈ ਕਿ ਕਿਸੇ ਠੋਸ ਸਬੂਤ ਦੇ ਆਧਾਰ 'ਤੇ ਜਿਸ ਕੈਦੀ 'ਤੇ ਕੋਈ ਸ਼ੱਕ ਹੈ, ਸਿਰਫ਼ ਉਸਦੀ ਹੀ ਤਲਾਸ਼ੀ ਲਈ ਜਾਵੇ ਤੇ ਸਹੀ ਜ਼ੁੰਮੇਵਾਰ ਕੈਦੀਆਂ ਨੂੰ ਬੇਲੋੜਾ ਤੰਗ ਨਾ ਕੀਤਾ ਜਾਵੇ। ਤਲਾਸ਼ੀ ਸਮੇਂ ਅਸਿਸਟੈਂਟ ਡਿਪਟੀ ਸੁਪਰਡੈਂਟ ਤੇ ਪੰਚਾਇਤੀ ਨੁਮਾਇੰਦੇ ਦੀ ਹਾਜ਼ਰੀ ਲਾਜ਼ਮੀ ਬਣਾਈ ਜਾਵੇ ਤਾਂ ਕਿ ਕਿਸੇ ਹੋਰ ਵਿਰੋਧ ਤੇ ਖਾਰ ਕਰਕੇ ਕੋਈ ਕੈਦੀ ਨੂੰ ਪ੍ਰੇਸ਼ਾਨ ਨਾ ਕੀਤਾ ਜਾਵੇ।

**ਬੈਰਕ ਬੰਦੀ ਬਾਰੇ :**

ਪੁਰਾਣੇ ਕਾਨੂੰਨ ਮੁਤਾਬਕ ਕੈਦੀਆਂ ਨੂੰ ਪਸ਼ੂਆਂ ਸਮਾਨ ਬੈਰਕਾਂ 'ਚ ਬੰਦ ਕਰਨਾ ਵੀ ਅੱਜ ਦੇ ਯੁੱਗ 'ਚ ਠੀਕ ਨਹੀਂ ਲਗਦਾ ਅਜੋਕੀ ਨਵੀਂ ਸੋਚ ਤੇ ਜ਼ਰੂਰਤ ਮੰਗ ਕਰਦੀ ਹੈ ਕਿ ਕੈਦੀਆਂ ਦੀ ਬੈਰਕ ਬੰਦੀ ਦੀ ਥਾਂ ਰਾਤ ਨੂੰ ਹਾਤਾਬੰਦੀ ਕੀਤੀ ਜਾਵੇ। ਇਸ ਤਰ੍ਹਾਂ ਫਰਾਰੀ ਦੇ ਖਤਰੇ ਦੀ ਦਿਤੀ ਜਾਂਦੀ ਦਲੀਲ 'ਚ ਕੋਈ ਵਜ਼ਨ ਨਹੀਂ। ਜਦੋਂ ਦਿਨ ਵਾਂਗ ਨਾ ਸਿਰਫ ਹਾਤਿਆ 'ਚ ਸਗੋਂ ਕਟ-ਮੌਕੇ ਤੇ ਬੁਰਜੀਆਂ 'ਤੇ ਸਖਤ ਪਹਿਰਾ ਲੱਗਿਆ ਹੁੰਦਾ ਹੈ ਤਾਂ ਅਜਿਹੇ ਖਤਰੇ ਦੀ ਉੱਕਾ ਹੀ ਸੰਭਾਵਨਾ ਨਹੀਂ। ਜਦੋਂ ਖੁਲ੍ਹੇ ਹੋਣ ਸਮੇਂ ਦਿਨ ਵੇਲੇ ਕੈਦੀ ਫਰਾਰ ਨਹੀਂ ਹੋ ਸਕਦੇ ਤਾਂ ਭਲਾ ਰਾਤ ਨੂੰ ਕਿਵੇਂ ਹੋ ਸਕਦੇ ਹਨ। ਸੋ, ਸਾਨੂੰ ਕੈਦੀਆਂ ਨੂੰ ਬੇਲੋੜਾ ਤੰਗ ਕਰਨ ਦੀ ਥਾਂ ਬੈਰਕ ਬੰਦੀ ਕਰਕੇ ਹਾਤਾ ਬੰਦੀ ਲਾਗੂ ਕਰਨ ਦਾ ਕਾਨੂੰਨ ਬਨਾਉਣਾ ਚਾਹੀਦਾ ਹੈ :

**19. ਬੀ-ਕਲਾਸੀਆਂ ਬਾਰੇ :**

ੳ. ਭਾਵੇਂ ਜੇਲ੍ਹ-ਮੈਨੂਅਲ ਅਨੁਸਾਰ ਬੀ-ਕਲਾਸ ਲਈ ਪਹਿਲਾਂ ਤੋਂ ਕੁਝ ਸਹੂਲਤਾਂ ਮੌਜੂਦ ਹਨ ਪਰ ਫੇਰ ਵੀ ਕਈ ਕਾਰਣਾਂ ਕਰਕੇ ਇਹ ਅਧੂਰੀਆਂ ਨਹੀਂ, ਸਗੋਂ ਕਾਗਜ਼ੀ ਵੀ ਹਨ। ਬੀ-ਕਲਾਸ ਬਾਰੇ ਕੁੱਝ ਪੱਖਾਂ ਨੂੰ ਮੌਜੂਦਾ ਹਾਲਤ 'ਚ ਫਿਰ ਵਿਚਾਰਨ ਦੀ ਜ਼ਰੂਰਤ ਹੈ।

ਅ. ਪਹਿਲੀ ਗੱਲ, ਬੀ-ਕਲਾਸ ਦੀ ਯੋਗਤਾ ਬਾਰੇ ਤਬਦੀਲੀ ਕਰਨ ਦੀ ਲੋੜ ਹੈ। ਹੁਣ ਸਿਆਸੀ, ਬੀ. ਏ, ਐਮ. ਏ., ਐਮ. ਐਲ. ਏ., ਐਮ. ਪੀ., ਮੈਂਬਰ ਪੰਚਾਇਤ-ਸੰਮਤੀ ਤੇ ਐਮ. ਸੀ. ਆਦਿ ਨੂੰ ਹੀ ਬੀ-ਕਲਾਸ ਮਿਲਦੀ ਹੈ। ਸਾਡੇ ਵਿਚਾਰ 'ਚ ਬੀ. ਏ. ਪਾਰਟ I, ਬੁੱਧੀਮਾਨੀ, ਪਿੰਡ ਪੰਚਾਇਤ ਦੇ ਕਿਸੇ ਜਨਤਕ ਜਥੇਬੰਦੀ ਦੇ ਪ੍ਰਧਾਨ ਨੂੰ ਵੀ ਇਨ੍ਹਾਂ ਯੋਗਤਾਵਾਂ 'ਚ ਸ਼ਾਮਲ ਕਰਨਾ ਚਾਹੀਦਾ ਚਾਹੀਦਾ ਹੈ। ਅਜਿਹਾ ਨਾ ਕਰਨਾ ਸਰਪੰਚ ਤੇ ਜਨਤਕ-ਆਗੂਆਂ ਨਾਲ ਬੇਇਨਸਾਫੀ ਕਰਨਾ ਹੈ।

ੲ. ਜੇਲ-ਮੈਨੂਅਲ ਅਨੁਸਾਰ ਬੀ-ਕਲਾਸੀਆਂ ਲਈ ਹੇਠ ਲਿਖੀਆਂ ਸਹੂਲਤਾਂ ਮਿਲਦੀਆਂ ਹਨ :

ਛੇ ਮਹੀਨਿਆਂ 'ਚ ਫਲਾਂਲੀਨ ਦੇ ਦੋ ਕਮੀਜ਼-ਪਜਾਮੇ ਦੋ, ਲੂੰਗੀਆਂ, ਦੋ ਤੌਲੀਏ, ਦੋ ਚਾਦਰਾਂ, ਮੰਜਾ ਬਿਸਤਰ, ਮੱਛਰਦਾਨੀ, ਸਰਦੀ 'ਚ ਕੋਟ, ਦੋ ਪੱਗਾਂ (ਸਿੱਖਾਂ ਲਈ), ਮੱਛਰਦਾਨੀ ਜੁੱਤੀ ਅਤੇ ਚੱਪਲਾਂ ਦਾ ਜੋੜਾ, ਬੂਟ ਪਾਲਸ਼, ਟੂਥ ਪੇਸਟ, ਤੇਲ ਸਰਸੋਂ, ਬਲੇਡ (ਹਿੰਦੂਆਂ ਲਈ), 225 ਗ੍ਰਾਮ ਮੀਟ, ਜਾਂ 400 ਗ੍ਰਾਮ ਦੁੱਧ, ਕੱਚੀ ਸਬਜ਼ੀ ਆਦਿ। ਪਰ ਇਨ੍ਹਾਂ 'ਚੋਂ ਕੁਝ ਨੂੰ ਛੱਡਕੇ ਬਾਕੀ ਸਹੂਲਤਾਂ ਨਹੀਂ ਦਿਤੀਆਂ ਜਾਂਦੀਆਂ ਅਤੇ ਅੱਡ ਅੱਡ ਜੇਲ੍ਹਾਂ 'ਚ ਅੱਡ ਅੱਡ ਸਹੂਲਤਾਂ ਵੀ ਵੇਖਣ 'ਚ ਆਈਆਂ ਹਨ।

ਸ. ਜੇਲ ਮੈਨੂਅਲ 'ਚ ਮੀਟ ਦੀ ਥਾਂ ਮੱਛੀ ਜਾਂ ਆਂਡੇ ਲੈਣ ਦੀ ਵਿਵਸਥਾ ਹੈ। ਪਰ ਮੀਟ ਦੀ ਥਾਂ ਦੋ ਆਂਡੇ ਹੀ ਮਿਲਦੇ ਹਨ ਜਦ ਕਿ ਇਨ੍ਹਾਂ ਦੀ ਕੀਮਤ ਮੀਟ ਦੇ ਬਰਾਬਰ ਨਹੀਂ ਬਣਦੀ। ਜਾਂ ਤਾਂ ਮੀਟ ਦੀ ਕੀਮਤ ਨਗਦ ਜਾਂ ਇਸ ਕੀਮਤ ਦੀ ਮੱਛੀ, ਆਂਡੇ ਜਾਂ ਹਰੀ ਸਬਜ਼ੀ ਮਿਲਣ ਦਾ ਪ੍ਰਬਧ ਕਰਨਾ ਚਾਹੀਦਾ ਹੈ।

ਹ, ਮੈਨੂਅਲ ਬੀ-ਕਲਾਸੀਆਂ ਲਈ ਫਲਾਲੀਨ ਦਾ ਕਪੜਾ ਦੇਣਾ ਜ਼ਰੂਰੀ ਬਣਾਉਂਦਾ ਹੈ ਜਦੋਂ ਕਿ ਉਨ੍ਹਾਂ ਨੂੰ 75 ਪੈਸੇ ਫੀ ਮੀਟਰ ਦਾ ਖੱਦਰ ਦਿਤਾ ਜਾਂਦਾ ਹੈ। ਸਾਨੂੰ ਖੱਦਰ ਜਾਂ ਫਲਾਲੀਨ ਦੀ ਥਾਂ ਟੇਰੀਕਾਟ ਦਾ ਚਿੱਟਾ ਕਪੜਾ ਮਿਲਣਾ ਚਾਹੀਦਾ ਹੈ।

ਕ, ਬੀ-ਕਲਾਸੀਆਂ ਨੂੰ ਤਹਿਸ਼ੁਦਾ ਸਹੂਲਤਾਂ ਦੇਣ ਨੂੰ ਯਕੀਨੀ ਬਨਾਉਣ ਲਈ ਇਹ ਇੰਤਜ਼ਾਮ ਕਰਨਾ ਚਾਹੀਦਾ ਹੈ ਕਿ ਇਸਦੀ ਰਿਪੋਰਟ ਆਈ. ਜੀ. ਜੇਲ ਨੂੰ ਭੇਜੀ ਜਾਵੇ ਤੇ ਮੁੱਖ ਦਫਤਰ ਇਸਦੀ ਜਾਂਚ ਕਰਨ ਤੇ ਸਹੀ ਸਹੂਲਤਾਂ ਲਾਗੂ ਕਰਨ ਲਈ ਜ਼ਰੂਰੀ ਪ੍ਰਬੰਧ ਕਰੇ।

ਖ. ਬੀ-ਕਲਾਸੀਆ ਨੂੰ ਮੁਸ਼ੱਕਤ ਸਿਰਫ ਪੜਨ-ਲਿਖਣ ਦੇ ਕੰਮ ਦੀ ਹੀ ਹੋਣੀ ਚਾਹੀਦੀ ਹੈ।

ਗ. ਬੀ-ਕਲਾਸਾਂ 'ਚ ਲੱਗੇ ਮੰਜਿਆ ਨੂੰ ਸੰਗਲ ਜੇਲ੍ਹ-ਸੁਧਾਰ ਤੇ ਸੋਚ ਦਾ ਜਨਾਜ਼ਾ ਕੱਢਦੇ ਹਨ। ਇਸ ਗੁਲਾਮੀ ਦੀ ਨਿਸ਼ਾਨੀ ਨੂੰ ਤੁਰੰਤ ਬੰਦ ਕੀਤਾ ਜਾਵੇ।

**20. ਅਗੇਤਰੀ ਰਿਹਾਈ ਬਾਰੇ :**

ੳ. ਜੇਲ੍ਹ ਸੁਧਾਰ ਕਮੇਟੀ ਨੂੰ ਇਸ ਮਸਲੇ 'ਤੇ

ਵੀ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ ਕਿ ਸਜ਼ਾ ਦਾ ਅਸਲ ਅਰਥ ਕੀ ਹੈ ? ਸੁਪਰੀਮ ਕੋਰਟ ਦੇ ਮਾਨਯੋਗ ਜੱਜ ਸ੍ਰੀ ਚੰਦਰਚੂੜ ਅਨੁਸਾਰ ਸਜ਼ਾ ਦਾ ਮਤਲਬ ਬਦਲਾ ਲੈਣਾ ਨਹੀਂ, ਸਗੋਂ ਕੈਦੀ ਦਾ ਸੁਧਾਰ ਕਰਨਾ ਹੈ । ਜੇਲ੍ਹ ਸੁਧਾਰ ਬਾਰੇ ਮੁੱਲਾ ਕਮੇਟੀ ਦੀ ਰਿਪੋਰਟ (ਜੋ ਸਰਕਾਰ ਨੇ ਕੋਲਡ ਸਟੋਰ 'ਚ ਦੱਬ ਦਿਤੀ) 'ਚ ਸਪਸ਼ਟ ਆਖਿਆ ਗਿਆ ਹੈ ਕਿ ਇਹ ਜ਼ਰੂਰੀ ਨਹੀਂ ਕਿ ਕੈਦੀ ਨੂੰ ਅਦਾਲਤ ਵਲੋਂ ਤਹਿ ਕੀਤੀ ਸਜ਼ਾ ਜ਼ਰੂਰ ਕਟਾਈ ਜਾਵੇ ਸਗੋਂ ਕੈਦੀ ਦਾ ਸੁਧਾਰ ਹੋਣ ਦੀ ਹਾਲਤ 'ਚ ਉਸਨੂੰ ਪਹਿਲਾਂ ਹੀ ਰਿਹਾਅ ਕਰ ਦੇਣਾ ਵਾਜ਼ਬ ਤੇ ਬਹੁਤ ਜ਼ਰੂਰੀ ਹੈ ।

ਅ. ਪਰ ਸਾਡੀ ਸਰਕਾਰ ਤੇ ਮੁਖ ਦਫਤਰ ਜੇਲ ਵਿਭਾਗ ਇਸ ਸੋਚ ਤੋਂ ਉਲਟ, ਕੈਦੀ ਨਾਲ ਬਦਲਾ ਲਉ ਭਾਵਨਾ ਦੇ ਤੌਰ ਤੇ ਪੇਸ਼ ਆਉਂਦਾ ਹੈ । ਰੋਗ-ਗ੍ਰਸਤ ਕੈਦੀ ਦੇ ਹੋਏ ਮੁਕੰਮਲ ਸੁਧਾਰ ਨੂੰ ਅੱਖੋਂ ਪਰੋਖੇ ਕਰਕੇ ਉਸਨੂੰ ਵੱਧ ਤੋਂ ਵੱਧ ਸਜ਼ਾ ਕਟਾਉਣ ਲਈ ਰੱਸੇ ਪੈੜੇ ਵੱਟੇ ਜਾਂਦੇ ਹਨ । ਵਧ ਲੰਮੀ ਸਜ਼ਾ ਕੱਟਣ ਦੀ ਜ਼ਰੂਰੀ ਸ਼ਰਤ ਨਾ ਸਿਰਫ਼ ਕੈਦੀ ਨੂੰ ਸੁਧਰਨ ਵੱਲ ਅਕਰਸ਼ਤ ਨਹੀਂ ਕਰਦੀ ਸਗੋਂ ਇਸਨੂੰ ਤਣਾਅ-ਗ੍ਰਸਤ, ਦੁਖੀ ਤੇ ਨਫਰਤ ਦਾ ਸ਼ਿਕਾਰ ਬਣਾਕੇ ਵਿਗਾੜਦੀ ਹੈ । ਅਜਿਹਾ ਸਖਸ਼ ਸਮਾਜ ਤੇ ਖੁਦ ਆਪਣੇ ਜੀਵਨ 'ਚ ਉਸਾਰੂ ਰੋਲ ਨਹੀਂ ਨਿਭਾ ਸਕਦਾ । ਸਾਨੂੰ ਇਸ ਪੁਰਾਣੀ, ਨੁਕਸਾਨਦੇਹ, ਤੇ ਬਦਲਾ ਲਉ ਭਾਵਨਾ ਭਰੀ ਪਹੁੰਚ ਰੱਦ ਕਰਨੀ ਚਾਹੀਦੀ ਹੈ ਅਤੇ ਕੈਦੀ ਦੀ ਰਿਹਾਈ ਲਈ ਉਸਦੇ ਪਸ਼ਚਾਤਾਪ, ਤਬਦੀਲੀ ਤੇ ਸੁਧਾਰ ਨੂੰ ਹੀ ਪੈਮਾਨਾ ਬਣਾਇਆ ਜਾਵੇ ।

ੲ. ਰੋਗੀ ਦੀ ਥਾਂ ਰੋਗ ਖਤਮ ਕਰਨ ਵਾਲੀ ਨੀਤੀ ਤੇ ਚੱਲਣ ਲਈ ਸਾਨੂੰ ਸੁਪਰੀਮ ਕੋਰਟ ਦੀ ਇਹ ਪਹੁੰਚ ਅਖਤਿਆਰ ਕਰਨੀ ਚਾਹੀਦੀ ਹੈ "Punishment all no longer retributory they are reformatine." ("ਸਜ਼ਾ ਦਾ ਮਤਲਬ ਬਦਲਾ ਲਉ ਭਾਵਨਾ ਨਾਲ ਲੰਮਾ ਸਮਾਂ ਕੈਦ ਕਟਾਉਣਾ ਨਹੀਂ ਸਗੋਂ ਸੁਧਾਰ ਤੋਂ ਹੈ")
ਇਸ ਪਹੁੰਚ ਨੂੰ ਸਹੀ ਰੂਪ 'ਚ ਲਾਗੂ ਕਰਨ ਇਹ ਤਹਿ ਕਰਨਾ ਜ਼ਰੂਰੀ ਹੈ ਕਿ ਸਰਕਾਰ ਹਰ ਕੈਦੀ ਦੀ ਸਾਲ 'ਚ ਇਕ ਵਾਰ ਰਿਹਾਈ ਸੰਬੰਧੀ ਵਿਚਾਰ ਕਰੇ । ਜੇਲ੍ਹ ਸੁਪਰਡੈਂਟ ਵਲੋਂ ਭੇਜੀ ਰਿਪੋਰਟ 'ਚ ਕੈਦੀਆਂ ਦੇ ਸੁਧਾਰ ਦੀਆਂ ਪ੍ਰਾਪਤੀਆਂ ਤੇ ਰਹੀਆਂ ਘਾਟਾਂ, ਕਮੀਆਂ ਤੇ ਨੁਕਸਾਂ ਦਾ ਵਿਆਖਿਆ ਸਹਿਤ ਵੇਰਵਾ ਦਿਤਾ ਜਾਵੇ । ਸਰਕਾਰ ਵਲੋਂ ਜਿਹੜੇ ਕੈਦੀਆਂ ਨੂੰ ਰਿਹਾਅ ਕਰਨ ਦਾ ਫੈਸਲਾ ਅੱਗੇ ਪਾਇਆ ਜਾਂਦਾ ਹੈ ਉਸਦੀ ਜਾਣਕਾਰੀ ਸੰਬੰਧਤ ਕੈਦੀ ਨੂੰ ਭੇਜੀ ਜਾਵੇ ਕਿ ਤੇਰੇ ਫਲਾਂ-2 ਨੁਕਸ ਕਾਰਨ ਤੈਨੂੰ ਰਿਹਾ ਨਹੀਂ ਕੀਤਾ ਜਾ ਰਿਹਾ । ਇਓਂ ਕਰਨ ਨਾਲ ਜਿਹੜੇ ਕੈਦੀ ਰਿਹਾਅ ਹੁੰਦੇ ਰਹਿਣਗੇ ਉਹ ਦੂਜਿਆਂ ਲਈ ਵਧੀਆ ਮਿਸਾਲ ਬਨਣਗੇ ਅਤੇ ਦੂਜੇ ਆਪਣੇ ਨੁਕਸਾਂ ਤੋਂ ਜਾਣੂ ਹੋ ਕੇ ਉਨਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਨਗੇ । ਕੁੱਲ ਮਿਲਾਕੇ ਇਹ ਕੈਦੀਆਂ ਦੇ ਸੁਧਾਰ ਲਈ ਬੜਾ ਹੀ ਮਹੱਤਵਪੂਰਨ ਰੋਲ ਨਿਭਾਵੇਗਾ ।

**21. ਪੰਜ-ਦਵੰਜ਼ੀ ਸਜ਼ਾ ਕਟਾਉਣ ਬਾਰੇ :**

ਅੱਜ ਦੇ ਜੇਲ੍ਹ ਕਾਨੂੰਨ ਮੁਤਾਬਕ ਹਰ ਛੋਟੇ ਕੈਦੀ ਨੂੰ (S:2) ਪੰਜ-ਦਵੰਜ਼ੀ ਸਜ਼ਾ ਕੱਟਣੀ ਲਾਜ਼ਮੀ ਕਰਾਰ ਦਿਤੀ ਗਈ ਹੈ । ਜਦੋਂ ਸੂਬਾਈ ਜਾਂ ਕੇਂਦਰੀ ਸਰਕਾਰ ਵਲੋਂ ਵਿਸ਼ੇਸ਼ ਮੁਆਫੀ ਆਉਂਦੀ ਹੈ ਤਾਂ ਇਸ ਰੇਸ਼ੋ ਦਾ ਹਿਸਾਬ ਲਾ ਕੇ ਜੇਲ੍ਹ-ਅਧਿਕਾਰੀ ਕੈਦੀ ਦੀ ਮੁਸ਼ੱਕਤ ਦੀ ਕਮਾਈ ਹੋਈ ਮੁਆਫੀ ਅਤੇ ਆਈ. ਜੀ. ਦੀ ਮੁਆਫੀ ਲਾਹ ਲਈ ਜਾਂਦੀ ਹੈ । ਇਹ ਚੰਗੇ ਚਾਲ-ਚਲਨ ਨਾਲ ਕੀਤੀ ਮਨਜ਼ੂਰ-ਸ਼ੁਦਾ ਮੁਆਫੀ ਹੁੰਦੀ ਹੈ, ਜਿਸਨੂੰ ਵਾਪਸ ਨਹੀਂ ਖੋਹਣਾ ਚਾਹੀਦਾ, ਸਗੋਂ ਇਹ ਸਜ਼ਾ 'ਚੋਂ ਲਾਜ਼ਮੀ ਘਟਾਉਣਾ ਚਾਹੀਦਾ ਹੈ । ਇਓਂ ਕਰਕੇ ਹੀ ਕੈਦੀ ਨੂੰ ਕੰਮ ਤੋਂ ਚਾਲੂ ਹੋਣ ਜਾਂ ਟਾਲਾ ਵੱਟਣ ਤੋਂ ਰੋਕ ਕੇ ਕੰਮ ਤੇ ਨੇਕ ਚਾਲ-ਚਲਣ ਲਈ ਉਤਸਾਹਤ ਕੀਤਾ ਜਾ ਸਕਦਾ ਹੈ । ਇਸ ਲਈ ਪੰਜ-ਦਵੰਜ਼ੀ ਸਜ਼ਾ ਕੱਟਣ ਦੀ ਲਾਜ਼ਮੀ ਸ਼ਰਤ ਰੱਦ ਕੀਤੀ ਜਾਵੇ ।

**22. ਕੋਠੀ-ਸਜ਼ਾ ਕੈਦੀਆਂ ਬਾਰੇ :**

ੳ. ਫਾਂਸੀ-ਸਜ਼ਾ ਯਾਫਤਾ ਕੈਦੀਆਂ ਨਾਲ ਚੰਗੇ ਵਿਹਾਰ ਤੇ ਸਹੂਲਤਾਂ ਦੀ ਹੋਰ ਵੀ ਵੱਧ ਜ਼ਰੂਰਤ ਹੈ । ਇਹ ਸਜ਼ਾ ਆਪਣੇ ਆਪ 'ਚ ਇਕ ਅਜਿਹਾ ਕਦਮ ਹੁੰਦਾ ਹੈ ਜਿਹੜਾ ਕੈਦੀ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕਰਦਾ ਹੈ । ਪਰ ਸਾਡੇ ਮੌਜੂਦਾ ਕਾਨੂੰਨ ਕੈਦੀ ਨੂੰ ਜ਼ਲੀਲ ਪ੍ਰੇਸ਼ਾਨ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡਦੇ ।

ਅ. ਕੋਈ ਸਜ਼ਾ ਹੋਣ 'ਤੇ ਤੁਰੰਤ ਹੀ ਕੈਦੀ ਨੂੰ ਬੇੜੀ ਪਹਿਨਾ ਦਿਤੀ ਜਾਂਦੀ ਹੈ । ਜੇਲ੍ਹ ਬਦਲੀ ਸਮੇਂ ਵੀ ਬੇੜੀ ਬਿਨਾਂ ਨਹੀਂ ਲਿਜਾਇਆ ਜਾਂਦਾ । ਕੈਦੀ ਨੂੰ ਭੰਗ ਕਰਨ ਵਾਲੀ ਤੇ ਗੁਲਾਮੀ ਦੀ ਪ੍ਰਥਾ ਇਸ ਬੇੜੀ ਨੂੰ ਖਤਮ ਕਰਨਾ ਚਾਹੀਦਾ ਹੈ ।

ੲ ਆਤਮਘਾਤ ਦੀ ਸੰਭਾਵਨਾਂ ਰੋਕਣ ਦੇ ਪੱਜ ਹੇਠ ਉਸਨੂੰ ਪੱਗ, ਪਰਨਾ, ਤੌਲੀਆ ਦੇਣ ਤੋਂ ਹੀ ਇਨਕਾਰ ਨਹੀਂ ਕੀਤਾ ਜਾਂਦਾ, ਸਗੋਂ ਉਸਦੇ ਪਜਾਮੇਂ ਚੋਂ ਨਾਲਾ ਵੀ ਕੱਢ ਲਿਆ ਜਾਂਦਾ ਹੈ । ਕੈਦੀਆਂ ਨੂੰ ਜ਼ਲੀਲ ਕਰਨ ਵਾਲੀ ਇਸ ਤਜਵੀਜ਼ ਨੂੰ ਫੌਰੀ ਰੱਦ ਕਰਨਾ ਚਾਹੀਦਾ ਹੈ । ਕਿਉਂਕਿ ਆਤਮਘਾਤ ਕਰਨ ਦਾ ਤਰੀਕਾ ਅੱਜ ਦੇ ਸਮੇਂ 'ਚ ਸਿਰਫ ਫਾਹਾ ਲੈਣਾ ਨਹੀਂ ਰਿਹਾ ਸਗੋਂ ਅਨੇਕਾਂ ਸੂਖਮ ਤੇ ਸਰਲ ਤਰੀਕੇ

ਪ੍ਰਚਲਤ ਹੋ ਚੁੱਕੇ ਹਨ। ਦੂਜੇ, ਚੌਂਤੇ-ਪਹਿਰ ਅਜਿਹੇ ਕੈਦੀ 'ਤੇ ਸਖ਼ਤ ਪਹਿਰਾ ਰਹਿੰਦਾ ਹੈ, ਅਜਿਹਾ ਕਰਨ ਦੀ ਉੱਕਾ ਹੀ ਸੰਭਾਵਨਾ ਨਹੀਂ। ਸਭ ਤੋਂ ਵੱਡੀ ਗੱਲ ਇਹ ਹੈ ਕਿ ਹਰ ਇਨਸਾਨ ਵੱਧ ਤੋਂ ਵੱਧ ਜੀਣਾ ਚਾਹੁੰਦਾ ਹੈ ਬਸ਼ਰਤੇ ਕਿ ਉਸਨੂੰ ਨਜਾਇਜ਼ ਤੰਗ ਅਤੇ ਦੁਖੀ ਕਰਕੇ ਅਜਿਹਾ ਕਰਨ ਲਈ ਮਜਬੂਰ ਨਾ ਕੀਤਾ ਜਾਵੇ। ਸਰਕਾਰ ਦੀਆਂ ਇਨ੍ਹਾਂ ਘਸੀਆਂ ਪਿਟਿਆਂ ਦਲੀਲਾਂ ਤੇ ਬੰਧਨਾਂ ਅਸਲ 'ਚ ਕੈਦੀ ਨੂੰ ਇਕੋ ਵਾਰ ਖਤਮ ਕਰਨ ਦੀ ਥਾਂ ਤੜਫਾ ਤੜਫਾ ਕੇ ਮਾਰਨ ਦਾ ਕੰਮ ਕਰਦੀਆਂ ਹਨ।

ਸ. ਫ਼ਾਂਸੀ ਸਜ਼ਾ ਕੈਦੀ ਦੇ ਮਨੋਰੰਜਨ ਕਰਨ ਲਈ ਅਖਬਾਰ, ਰੇਡੀਓ, ਰਸਾਲੇ ਮਿਲਣ ਤੋਂ ਇਲਾਵਾ ਉਸਨੂੰ ਜੇਲ 'ਚ ਘੁੰਮਣ ਫਿਰਨ ਦੀ ਇਜਾਜ਼ਤ ਹੋਣੀ ਚਾਹੀਦੀ ਹੈ। ਅਜਿਹੇ ਕਦਮ ਤੇ ਦੋਸਤਾਨਾ ਵਿਹਾਰ ਹੀ ਉਸਨੂੰ ਮਾਨਸਕ ਤਣਾਅ ਤੋਂ ਛੁਟਕਾਰਾ ਦਿਵਾਉਣ 'ਚ ਮਦਦ ਕਰ ਸਕਦੇ ਹਾਂ।

## 23. ਕਰਮਚਾਰੀਆਂ ਦੇ ਵਿਹਾਰ ਬਾਰੇ:

ੳ. ਸਾਰੇ ਜੇਲ੍ਹ-ਕੀੜੇ ਓਨਾਂ ਚਿਰ ਅਧੂਰੇ ਰਹਿ ਜਾਣਗੇ ਜਿੰਨਾਂ ਚਿਰ ਜੇਲ੍ਹ ਕਰਮਚਾਰੀਆਂ ਤੇ ਅਫਸਰਾਂ ਦੀ ਪਹੁੰਚ ਤੇ ਰਵੱਈਏ ਬਾਰੇ ਵਿਚਾਰ ਨਹੀਂ ਕੀਤਾ ਜਾਂਦਾ। ਜੇ ਅਸੀਂ ਕੈਦੀਆਂ ਨੂੰ ਮਾਨਸਕ ਰੋਗੀ ਸਮਝਦੇ ਹਾਂ ਤਾਂ ਜੇਲ੍ਹ ਨੂੰ ਇਕ ਹਸਪਤਾਲ ਤੇ ਅਫਸਰਾਂ-ਮੁਲਾਜ਼ਮਾਂ ਨੂੰ ਡਾਕਟਰ ਸਮਝਣ-ਬਨਾਉਣ ਦੀ ਪਹੁੰਚ ਅਖਤਿਆਰ ਕਰਨੀ ਪੈਣੀ ਹੈ। ਇਸ ਸੰਬੰਧ 'ਚ ਗਾਂਧੀ ਜੀ ਨੇ ਵੀ ਇਹੀ ਕਿਹਾ ਕਿ ਕੈਦੀਆਂ ਪ੍ਰਤੀ ਜੇਲ੍ਹ ਅਫਸਰਾਂ ਦਾ ਰਵੱਈਆ ਡਾਕਟਰਾਂ ਵਾਲਾ ਹੋਣਾ ਚਾਹੀਦਾ ਹੈ ਨਾ ਕਿ ਗੁਲਾਮ-ਮਾਲਕਾਂ ਵਾਲਾ।

ਅ. ਪਰ ਵਰਤਮਾਨ ਸਮੇਂ ਜੇਲ ਅਧਿਕਾਰੀਆਂ ਤੇ ਮੁਲਾਜ਼ਮਾਂ ਦਾ ਕੈਦੀਆਂ ਨੂੰ ਡਰਾਉਣਾ, ਢੂੰਡਣਾ ਤੇ ਮਾਨਸਕ ਹੀਣਤਾ ਦਾ ਰੋਗੀ ਬਨਾਉਣਾ ਹੈ। ਅਨਪੜ੍ਹਤਾ ਪੁਰਾਣੀ ਤੇ ਪਿੱਛੇ-ਖਿੱਚੂ ਸੋਚ ਕਾਰਣ ਉਨਾਂ ਦਾ ਵਿਹਾਰ ਕੈਦੀਆਂ ਨੂੰ ਜ਼ਲੀਲ ਕਰਨ ਤੇ ਦਬਕਾਉਣ ਤੋਂ ਬਿਨਾਂ ਕੋਈ ਰੋਲ ਅਦਾ ਨਹੀਂ ਕਰਦਾ। ਅਜਿਹਾ ਵਿਹਾਰ ਕੈਦੀਆਂ ਨੂੰ ਕਿਸੇ ਤਰ੍ਹਾਂ ਵੀ ਸੁਧਾਰਨ 'ਚ ਸਹਾਈ ਨਹੀਂ ਹੋ ਸਕਦਾ ਸਗੋਂ ਉਨ੍ਹਾਂ ਨੂੰ ਵਿਗਾੜਨ ਦਾ ਜ਼ੁੰਮੇਵਾਰ ਹੀ ਬਣਦਾ ਹੈ।

ੲ. ਕੈਦੀਆਂ ਨਾਲ ਦਰੁਸਤ ਵਿਹਾਰ ਹੀ ਤਾਂ ਅਪਨਾਇਆ ਜਾ ਸਕਦਾ ਹੈ ਜੇਕਰ ਜੇਲ੍ਹ-ਅਧਿਕਾਰੀ ਤੇ ਮੁਲਾਜ਼ਮ ਮਨੋਵਿਗਿਆਨਕ ਤੌਰ 'ਤੇ ਸੂਝਵਾਨ ਹੋਣ। ਇਕ ਮਨੋਵਿਗਿਆਨਕ ਹੀ ਕੈਦੀ ਨੂੰ ਸਭ ਪੱਖਾਂ ਤੋਂ ਸਮਝਣ, ਅਹਿਸਾਸ ਕਰਾਉਣ ਤੇ ਬਦਲਣ ਦੀ ਯੋਗਤਾ ਰੱਖ ਸਕਦਾ ਹੈ। ਇਸ ਲਈ ਜੇਲ ਸੁਧਾਰ ਪੱਖੋਂ ਜਿਥੇ ਸਾਰੇ ਮੁਲਾਜ਼ਮਾਂ ਨੂੰ ਮਨੋਵਿਗਿਆਨਕ ਪੱਖੋਂ ਸੋਝੀ ਤੇ ਦਰੁਸਤ ਵਿਹਾਰ ਅਪਨਾਉਣ ਲਈ ਸਿਖਿਆ ਦੇਣੀ ਜ਼ਰੂਰੀ ਬਣਾਈ ਜਾਵੇ, ਉਥੇ ਹਰ ਜੇਲ 'ਚ ਮਨੋਵਿਗਿਆ-ਨੀਆਂ ਨੂੰ ਰੱਖਣ ਦੇ ਪ੍ਰਬੰਧ ਵੀ ਕੀਤੇ ਜਾਣ। ਅਜਿਹਾ ਹੋਣ ਨਾਲ ਹੀ ਕੈਦੀਆਂ ਦੇ ਸੁਧਾਰ ਹੋਣ ਅਤੇ ਅੰਗਣ ਨੂੰ ਯਕੀਨੀ ਬਣਾਇਆ ਜਾ ਸਕਦਾ ਹੈ। ਨਹੀਂ ਤਾਂ ਭਾਵੇਂ ਜੇਲਾਂ 'ਚ ਜਿੰਨਾ ਮਰਜ਼ੀ ਚਿਰ ਕੈਦੀ ਨੂੰ ਤੂੜੀ ਰੱਖੋ, ਇਸਦਾ ਸੁਧਾਰ ਸੰਭਵ ਨਹੀਂ।

## 24. ਜੇਲ-ਮੈਨੂਅਲ ਦੀ ਭਾਸ਼ਾ ਬਾਰੇ:

ਮੌਜੂਦਾ ਜੇਲ-ਮੈਨੂਅਲ ਕਿਉਂਕਿ ਅੰਗਰੇਜ਼ੀ 'ਚ ਹੈ, ਇਸ ਕਰਕੇ ਇਸ ਨੂੰ ਪੜ੍ਹਨ ਸਮਝਣ ਤੇ ਗ੍ਰਹਿਣ ਕਰਨਾ ਆਮ ਆਦਮੀ ਦੇ ਵੱਸ ਦੀ ਗੱਲ ਨਹੀਂ। ਇਹ ਹਕੀਕਤ ਹੈ ਕਿ ਕਿਸੇ ਗੱਲ ਨੂੰ ਸਮਝੇ ਬਿਨਾਂ ਉਸਤੇ ਦਰੁਸਤ ਅਮਲ ਕਰਨਾ ਅਸੰਭਵ ਹੈ। ਅਜਿਹਾ ਹੋਣ ਦੀ ਦੀ ਹਾਲਤ 'ਚ ਕਿਉਂਕਿ ਕੈਦੀਆਂ ਨੂੰ ਅਪਣੇ ਹੱਕਾਂ, ਫਰਜ਼ਾਂ ਤੇ ਬੰਧਸ਼ਾਂ ਬਾਰੇ ਸੋਝੀ ਨਹੀਂ ਹੁੰਦੀ ਇਸ ਲਈ ਜੇਲ-ਅਧਿਕਾਰੀਆਂ ਦੇ ਮੂੰਹ ਚੋਂ ਨਿਕਲੇ ਬੋਲ ਹੀ ਕਾਨੂੰਨ ਬਣ ਜਾਂਦੇ ਹਨ। ਇਸ ਪੱਖੋਂ ਦੇਖਿਆਂ ਸਾਡਾ ਨਵਾਂ ਜੇਲ-ਮੈਨੂਅਲ ਪੰਜਾਬੀ 'ਚ ਹੋਣਾ ਚਾਹੀਦਾ ਹੈ ਅਤੇ ਇਸਦੀਆਂ ਕਾਫੀ ਕਾਪੀਆਂ ਜੇਲ ਲਾਇਬਰੇਰੀ 'ਚ ਰੱਖੀਆਂ ਜਾਣ ਤਾਂ ਕਿ ਸਾਰੇ ਕੈਦੀ ਇਸ ਬਾਰੇ ਜਾਣੂ ਹੋ ਸਕਣ।

## ਦੋ ਹੋਰ ਉੱਭਰਦੀਆਂ ਸਮਸਿਆਵਾਂ ਬਾਰੇ

ਭਾਵੇਂ ਇਹ ਸਮਸਿਆਵਾਂ ਜੇਲ੍ਹ-ਮੈਨੂਅਲ ਦੇ ਸੁਧਾਰ ਨਾਲ ਸੰਬੰਧਤ ਨਹੀਂ, ਪਰ ਇਹ ਸਾਡੇ ਕੈਦੀਆਂ ਦੀ ਜ਼ਿੰਦਗੀ ਨਾਲ ਸੰਬੰਧ ਰੱਖਦੇ ਹਨ। ਇਸ ਲਈ ਅਸੀਂ ਤੁਹਾਡੇ ਰਾਹੀਂ ਪੰਜਾਬ ਸਰਕਾਰ ਦੇ ਧਿਆਨ 'ਚ ਲਿਆ-ਉਣਾ ਆਪਣਾ ਫਰਜ਼ ਸਮਝਿਆ ਹੈ।

### 25. 14 ਸਾਲਾ ਕਾਨੂੰਨ ਬਾਰੇ

ਦਸੰਬਰ 1978 'ਚ ਕੇਂਦਰ ਦੀ ਜਨਤਾ ਸਰਕਾਰ ਨੇ ਉਮਰ ਕੈਦੀ ਦੀ ਪਹਿਲੀ ਸਾਢੇ ਅੱਠ ਸਾਲ ਮਿਆਦ ਵਧਾ ਕੇ ਤਰੀਕੀ 14 ਸਾਲ ਸਜ਼ਾ ਕੱਟਣੀ ਬਣਾ ਦਿੱਤੀ ਸੀ। ਦਲੀਲ ਇਹ ਦਿੱਤੀ ਗਈ ਕਿ ਇਹ ਕਦਮ 'ਫਾਂਸੀ-ਸਜ਼ਾ' ਨੂੰ ਖਤਮ ਕਰਨ ਲਈ ਚੁੱਕਿਆ ਹੈ। ਪਰ ਹੋਇਆ ਇਹ ਕਿ ਫਾਂਸੀ ਸਜ਼ਾ ਤਾਂ ਉਵੇਂ ਬਹਾਲ ਰੱਖੀ ਗਈ, ਪਰ ਉਮਰ ਕੈਦੀਆਂ ਦੀ ਸਜ਼ਾ ਦੁਗਣੀ ਕਰ ਦਿੱਤੀ ਗਈ। ਸ. ਬਾਦਲ ਨੇ ਪਿਛਲੀ ਵਜ਼ਾਰਤ ਸਮੇਂ ਕੈਦੀਆਂ ਨਾਲ ਇਹ ਵਾਅਦਾ ਕੀਤਾ ਸੀ ਕਿ ਉਹ ਜਿਥੇ ਇਸ ਕਾਨੂੰਨ

ਨੂੰ ਮਨਸੂਖ ਕਰਨ ਲਈ ਕੇਂਦਰ 'ਚ ਖੁਦ ਸਾਢੇ ਅੱਠ ਸਾਲ ਬਾਦ ਕੈਦੀਆਂ ਨੂੰ. ਰਿਹਾ ਕਰਦੇ ਰਹਿਣਗੇ। ਅਸੀਂ ਆਸ ਰੱਖਦੇ ਹਾਂ ਕਿ ਤੁਸੀਂ ਸਰਕਾਰ ਨੂੰ ਸ. ਬਾਦਲ ਦਾ ਇਹ ਵਾਅਦਾ ਪੂਰਾ ਕਰਨ ਲਈ ਰਜ਼ਾਮੰਦ ਕਰਨ ਲਈ ਜ਼ੋਰ ਲਾਉਗੇ।

## 26. ਵਿਸ਼ੇਸ਼ ਅਦਾਲਤਾਂ ਦੇ ਕੇਸਾਂ ਬਾਰੇ

ਇਹ ਹਕੀਕਤ ਜ਼ਾਹਰ ਹੋ ਚੱਕੀ ਹੈ ਕਿ 'ਵਿਸ਼ੇਸ਼ ਅਦਾਲਤਾਂ' ਦੇ ਜਾਬਰ ਕਾਨੂੰਨ ਨੇ ਕਿਵੇਂ ਸਾਡੇ ਬੁਨਿਆਦੀ ਅਧਿਕਾਰਾਂ ਦਾ ਐਲਾਨੀਆਂ ਗਲ ਘੁੱਟ ਦਿੱਤਾ ਸੀ। ਇਸ ਤੋਂ ਬਿਨਾਂ ਵਿਸ਼ੇਸ਼ ਅਦਾਲਤਾਂ ਨੇ ਉਪਰੋਂ ਮਿਲੀਆਂ ਹਦਾਇਤਾਂ ਅਨੁਸਾਰ ਜਿਸ ਢੰਗ ਨਾਲ ਕਾਰਵਾਈ ਚਲਾਈ ਤੇ ਫੈਸਲੇ ਕੀਤੇ ਉਸ ਨਾਲ ਸੈਂਕੜੇ ਬੇਦੋਸ਼ਿਆਂ ਨੂੰ ਉਮਰ-ਕੈਦ ਦੀਆਂ ਸਜਾਵਾਂ 'ਚ ਜਕੜ ਦਿੱਤਾ। ਤੁਹਾਡੀ ਪਾਰਟੀ ਇਨ੍ਹਾਂ ਦੇ ਖ਼ਾਤਮੇ ਦੀ ਲਗਾਤਾਰ ਮੰਗ ਕਰਦੀ ਆਈ ਹੈ। ਹੁਣ ਤੁਸੀਂ ਇਨ੍ਹਾਂ 'ਚ ਸ਼ਾਮਲ ਸਿਆਸੀ ਕੇਸਾਂ ਦੀ ਪੁਣ ਛਾਣ ਦਾ ਕੰਮ ਆਪਣੇ ਹੱਥ 'ਚ ਲੈ ਲਿਆ ਹੈ ਤੇ ਬਹੁਤ ਸਾਰੇ ਕੇਸਾਂ 'ਚ ਬੇਦੋਸ਼ਿਆਂ ਨੂੰ ਸਜ਼ਾ ਦਿੱਤੀ ਪਈ ਹੈ। ਪਰ ਸਾਡੀ ਸਮਝ 'ਚ ਇਹ ਉਨ੍ਹਾਂ ਜਾਤੀ ਕਤਲ ਕੇਸਾਂ ਦੇ ਅਖੌਤੀ ਮੁਜਰਮਾਂ ਨਾਲ ਬੇਇਨਸਾਫ਼ੀ ਹੈ। ਜੇ ਸਿਆਸੀ ਕੇਸਾਂ 'ਚ ਬੇਦੋਸ਼ਿਆਂ ਨੂੰ ਨਜਾਇਜ਼ ਸਜ਼ਾ ਦਿੱਤੀ ਗਈ ਹੈ ਤਾਂ ਇਹ ਜਾਤੀ ਕਤਲ ਕੇਸਾਂ 'ਚ ਕਿਉਂ ਨਹੀਂ ਦਿੱਤੀ ਹੋਊ। ਪੰਜਾਬ ਸਰਕਾਰ ਨੂੰ ਜਾਤੀ ਤੇ ਸਿਆਸੀ ਕੇਸਾਂ ਦਾ ਪੱਖਪਾਤ ਕਰੇ ਬਗੈਰ ਸਾਰੇ, ਕੇਸਾਂ ਦੀ ਦੁਬਾਰਾ ਸੁਣਵਾਈ ਕਰਕੇ ਬੇਦੋਸ਼ਿਆਂ ਨੂੰ ਇਨਸਾਫ਼ ਦਵਾਉਣਾ ਚਾਹੀਦਾ ਹੈ।

ਸ੍ਰੀ ਮਾਨ ਜੀ, ਅਸੀਂ ਆਪਣੇ ਜਾਤੀ ਅਨੁਭਵਾਂ ਤੇ ਬੌਧਿਕ ਸਮਰਥਾ ਅਨੁਸਾਰ ਉਪਰ ਬਹੁਤ ਸਾਰੀਆਂ ਕੈਦੀ ਸਮਸਿਆਵਾਂ ਪ੍ਰਤੀ ਵਿਚਾਰ-ਚਰਚਾ ਕੀਤੀ ਹੈ। ਸਾਨੂੰ ਪਤਾ ਹੈ ਕਿ ਜੁਰਮਾਂ ਤੇ ਮੁਜਰਮਾਂ ਦੀ ਪੈਦਾਇਸ਼ ਦਾ ਸੰਬੰਧ ਨੀਵੀਂ ਚੇਤਨਾ ਅਤੇ ਸਾਡੀ ਨਾ-ਬਰਾਬਰੀ ਵਾਲੇ ਸਮਾਜ ਨਾਲ ਸਿੱਧਾ ਜੁੜਿਆ ਹੋਇਆ ਹੈ। ਇਸ ਸਮਾਜਕ ਪ੍ਰਬੰਧ 'ਚ ਬੁਨਿਆਦੀ ਤਬਦੀਲੀ ਕਰੇ ਬਗੈਰ ਜੁਰਮਾਂ ਤੇ ਮੁਜਰਮਾਂ ਦਾ ਖ਼ਾਤਮਾ ਅਸੰਭਵ ਹੈ। ਸਾਡੇ ਸਮਾਜ ਦੀ ਮੌਜੂਦਾ ਵਿਵ-ਸਥਾ 'ਚ ਹੋ ਸਕਣ ਵਾਲੇ ਸੁਧਾਰਾਂ ਨੂੰ ਹੀ ਅਸੀਂ ਸੁਝਾਅ ਦੇਣ ਵੇਲੇ ਧਿਆਨ 'ਚ ਰੱਖਿਆ ਹੈ।

ਅਸੀਂ ਇਹ ਵੀ ਮਹਿਸੂਸ ਕਰਦੇ ਹਾਂ ਕਿ ਹੋ ਸਕਦਾ ਹੈ ਕਿ ਸਾਡੇ ਇਸ ਫ਼ਰਜ਼ ਨਿਭਾਉਣ ਦਾ ਇਵ-ਜ਼ਾਨਾ ਸਾਨੂੰ ਜੇਲ੍ਹ ਅਧਿਕਾਰੀਆਂ ਦੀ ਕਰੋਪੀ 'ਚ ਮਿਲੇ। ਪਰ, ਸਚਾਈ ਅਤੇ ਕੈਦੀਆਂ ਦੇ ਭਲੇ ਲਈ ਕੁਝ ਲੋਕਾਂ ਨੂੰ ਤਾਂ ਕਦੇ ਨਾ ਕਦੇ ਇਸਦਾ ਸਾਹਮਣਾ ਕਰਨਾ ਹੀ ਪੈਣਾ ਹੈ। ਇਸ ਸ਼ੁਭ ਕਾਰਜ ਲਈ ਅਸੀਂ ਆਪਣੇ ਆਪ ਨੂੰ ਪੇਸ਼ ਕੀਤਾ ਹੈ। ਜੇ ਸਾਡਾ ਹੌਸਲਾ ਭਰਿਆ ਇਹ ਕਦਮ ਤੁਹਾਡੀ ਮੱਦਦ ਕਰ ਸਕੇ ਤਾਂ ਅਸੀਂ ਕਿਸੇ ਵੀ ਮੁਸੀਬਤ ਨੂੰ ਝੱਲਣ ਲਈ ਤਿਆਰ ਹਾਂ। ਸਾਨੂੰ ਆਸ ਹੈ ਕਿ ਤੁਸੀਂ ਸਾਡੇ ਇਸ ਯਤਨ ਦੀ ਪ੍ਰਸ਼ੰਸਾ ਕਰੋਗੇ ਅਤੇ ਸਾਡੇ ਸੁਝਾਵਾਂ ਨੂੰ ਗੰਭੀਰਤਾ ਨਾਲ ਘੋਖੋਗੇ ਤੇ ਲੋੜੀਂਦੇ ਕਦਮ ਚੁਕੋਗੇ।

ਪੇਸ਼ਗੀ ਧੰਨਵਾਦ ਸਹਿਤ

ਤੁਹਾਡੇ ਸ਼ੁਭਚਿੰਤਕ

1. ਸੁਭਾਸ਼ ਘਈ (ਟ੍ਰਿਪਲ ਐਮ. ਏ) ਉਮਰ ਕੈਦੀ
2. ਹਰਬੰਸ ਲਾਲ (ਬੀ. ਏ.) ਉਮਰ ਕੈਦੀ
3. ਦਰਸ਼ਨ ਸਿੰਘ (ਡਬਲ ਐਮ. ਏ) ,,
4. ਪਵਨ ਕੁਮਾਰ (ਗਿਆਨੀ) ,,
5. ਮੇਜਰ ਸਿੰਘ (ਸਾਬਕਾ ਪ੍ਰਧਾਨ, ਮੋ.ਐ.ਸ.ਵ.ਯੂ.) ,,

ਅਤੇ ਸਮੂਹ ਕੈਦੀ

ਕੇਂਦਰੀ ਸੁਧਾਰ ਘਰ (ਬਠਿੰਡਾ)

# ਪਾਠਕ ਲੇਖਕ ਫੋਰਮ

## 1 ਸਭਿਆਚਾਰਕ ਕੇਂਦਰ ਬਨਾਮ ਸੰਪਾਦਕੀ

ਪਟਿਆਲਾ ਵਿਖੇ ਖੋਲ੍ਹੇ ਜਾ ਰਹੇ ਉੱਤਰੀ ਭਾਰਤ ਦੇ ਸਭਿਆਚਾਰਕ ਕੇਂਦਰ ਪਿੱਛੇ ਕੰਮ ਕਰ ਰਹੇ ਸਿਆਸੀ ਮੰਤਵ 'ਤੇ ਜਿਥੇ ਤੁਹਾਨੂੰ (ਸੰਪਾਦਕੀ, 'ਸਮਤਾ', ਦਸੰਬਰ, 1985 ਤੇ ਹੋਰਨਾਂ ਪੰਜਾਬੀ ਬੁੱਧੀਜੀਵੀਆਂ ਨੂੰ ਸ਼ੱਕ ਹੋ ਸਕਦਾ ਹੈ, ਉਥੇ ਮੈਂ ਵੀ ਇਸ ਤੋਂ ਅਣਜਾਣ ਨਹੀਂ ਹਾਂ। ਪਰ ਜਿਸ ਤਰ੍ਹਾਂ ਤੁਸੀਂ ਇਸ ਕੇਂਦਰ ਨੂੰ "ਹਾਕਮ ਜਮਾਤ ਵੱਲੋਂ ਸਾਧਾਰਨ ਲੋਕਾਂ ਵਿਰੁੱਧ ਹੋਰ ਸਾਜ਼ਿਸ਼ਾਂ ਵਾਂਗ ਇਕ ਵੱਡੀ ਸਾਜ਼ਿਸ਼" ਗਰਦਾਨਿਆ ਹੈ, ਤੁਹਾਡੀ ਇਸ ਸੋਚ ਨਾਲ ਮੈਂ ਜ਼ਰਾ ਵੀ ਮੁਤਫ਼ਿਕ ਨਹੀਂ ਹਾਂ। ਇਸ ਠੀਕ ਹੈ ਕਿ ਜੰਮੂ-ਕਸ਼ਮੀਰ ਤੇ ਪੰਜਾਬ ਤੋਂ ਛੁੱਟ ਸਾਰਾ ਉੱਤਰੀ ਭਾਰਤ ਹਿੰਦੀ ਨੂੰ ਸਰਕਾਰੀ ਭਾਸ਼ਾ ਦੇ ਤੌਰ ਤੇ ਅਪਨਾਈ ਬੈਠਾ ਹੈ। ਪਰ ਵੇਖਣ ਦੀ ਗੱਲ ਇਹ ਹੈ ਕਿ ਕੀ ਹਿੰਦੀ ਅਪਨਾਏ ਇਨ੍ਹਾਂ ਸੂਬਿਆਂ ਦੇ ਲੋਕਾਂ ਦੀ ਮਾਂ-ਬੋਲੀ ਹਿੰਦੀ ਹੈ ਕਿ ਇਨਾ ਤੇ ਹਿੰਦੀ ਮੜ੍ਹੀ ਗਈ ਹੈ? ਰਾਜਸਥਾਨ ਦੀ ਬਹੁ-ਸੰਖਿਆ ਨੇ ਪਿਛਲੇ ਸਮੇਂ ਹੋਈ ਮਰਦ ਸ਼ੁਮਾਰੀ ਵਿਚ ਮਾਂ-ਬੋਲੀ ਰਾਜਸਥਾਨੀ ਲਿਖਵਾਈ ਹੈ ਨਾ ਕਿ ਹਿੰਦੀ। ਇਸ ਤੱਥ ਨੂੰ ਸਰਕਾਰ ਛੁਪਾ ਰਹੀ ਹੈ। ਇਸ ਤਰ੍ਹਾਂ ਹਰਿਆਣਵੀ, ਭੋਜਪੁਰੀ, ਡੋਗਰੀ, ਕਸ਼ਮੀਰੀ, ਪਹਾੜੀ ਆਦਿ ਬੋਲੀਆਂ ਹਿੰਦੀ ਦੇ ਗਲਬੇ ਥੱਲੇ ਗੂੰਗੀਆਂ ਬਣੀਆਂ ਹੋਈਆਂ ਹਨ। ਇਸ ਗਲਬੇ ਦਾ ਛੱਪਾ ਪੰਜਾਬੀ ਤੇ ਵੀ ਪੈਂਦਾ ਰਿਹਾ ਹੈ। ਇਸ ਛੱਪੇ ਨੇ ਹਰ ਖਿੱਤੇ ਦੇ ਲੋਕਾਂ ਦੀ ਸਖ਼ਸ਼ੀਅਤ ਦੀ ਨਵੇਕਲੀ ਸਭਿਆਚਾਰਕ ਪਛਾਣ ਨਹੀਂ ਹੋਣ ਦਿੱਤੀ।

ਅਜੇਹੇ ਮਹੌਲ ਵਿਚ ਜ਼ਿਹਨੀ-ਗੁਲਾਮੀ ਘਰ ਕਰ ਜਾਂਦੀ ਹੈ। ਤੁਹਾਡੇ ਖੱਬੀ ਸੋਚ ਵਾਲੇ ਬੁੱਧੀਜੀਵੀ 'ਤੇ ਪਾਰਟੀਆਂ ਆਜ਼ਾਦੀ ਤੋਂ ਬਾਅਦ ਸਭਿਆਚਾਰਕ ਮੁਹਾਜ਼ ਬਾਰੇ ਬੇਪ੍ਰਵਾਹ ਰਹੀਆਂ ਹਨ। ਸਭਿਆਚਾਰਕ ਇਨਕਲਾਬ ਦੀ ਦੁਹਾਈ ਜ਼ਰੂਰ ਪਾਈ ਜਾਂਦੀ ਰਹੀ ਹੈ, ਪਰ ਇਸ ਸੰਬੰਧੀ ਹਕੀਕੀ ਰਵੱਈਆ ਕਦੇ ਨਹੀਂ ਧਾਰਨ ਕੀਤਾ ਗਿਆ। ਕਿਸੇ ਸੰਸਥਾ ਜਾਂ ਜੱਥੇਬੰਦੀ ਅੱਗੇ ਕ੍ਰਾਂਤੀਕਾਰੀ ਜਾਂ ਪ੍ਰਗਤੀਸ਼ੀਲ ਸ਼ਬਦ ਲਾ ਕੇ ਲੋਕਪੱਖੀ ਹੋਣ ਦੇ ਭਰਮ ਪਾਲੇ ਜਾਂਦੇ ਰਹੇ ਹਨ। ਇਸ ਕੇਂਦਰ ਨੂੰ "ਚਿੱਟਾ ਹਾਥੀ" ਜਾਂ "ਹਿੰਦੀ (ਕਿ ਹਿੰਦੁਸਤਾਨੀ) ਸਾਮਰਾਜ ਵੱਲੋਂ ਪੰਜਾਬੀ ਸਭਿਆਚਾਰ ਤੇ ਇਕ ਧਾਵਾ" ਕਹਿਣ ਦੀ ਬਜਾਏ ਇਸ ਕੇਂਦਰ ਦਾ ਕੰਮ-ਕਾਜ ਅਜੇਹੇ ਵਿਦਵਾਨਾਂ ਨੂੰ ਸੌਂਪਣ ਲਈ ਸਰਕਾਰ 'ਤੇ ਜ਼ੋਰ ਪਾਇਆ ਜਾਵੇ, ਜਿੱਥੇ ਗੁੰਗੀਆਂ ਸਭਿਆਚਾਰਕ ਪਛਾਣਾਂ ਨੂੰ ਜ਼ਬਾਨ ਮਿਲ ਸਕੇ 'ਤੇ ਇਨ੍ਹਾਂ ਪਛਾਣਾਂ ਦੇ ਆਪਸੀ ਅਦਾਨ-ਪ੍ਰਦਾਨ ਦੀ ਪ੍ਰਕਿਰਿਆ ਨੂੰ ਸਮਝਿਆ ਜਾ ਸਕੇ। ਜਿਥੇ ਅੰਮ੍ਰਿਤਸਰ ਨਾਟਕ ਕਲਾ ਕੇਂਦਰ" ਭੰਡਾਂ ਦੀਆਂ ਨਕਲਾਂ ਵੀ ਕਰ ਸਕਦੀ ਹੋਵੇ ਤੇ ਗੋਰਖ ਪਾਂਡੇ ਦੇ ਭੋਜਪੁਰੀ ਗੀਤ ਵੀ ਗੂੰਜਣ।

ਇਸ ਸੰਪਾਦਕੀ ਵਿਚ ਉੱਤਰੀ-ਭਾਰਤ ਦੀਆਂ ਸਭਿਆਚਾਰਕ-ਕਦਰਾਂ ਕੀਮਤਾਂ ਨੂੰ ਸੰਭਾਲਣ ਦੇ ਉਪਰਾਲੇ ਨੂੰ 'ਜਾਗੀਰਦਾਰੀ ਕਦਰਾਂ—ਕੀਮਤਾਂ ਨੂੰ ਸੰਭਾਲਣ ਦੇ ਉਪਰਾਲੇ ਕਹਿਕੇ ਤੁਸੀਂ ਬੜੇ ਹੀ ਨਿਕਾਰਾ-ਤਮਕ ਰਵੱਈਏ ਤੇ ਹਲਕੀ ਸੋਚਣੀ ਦਾ ਮੁਜ਼ਾਹਰਾ ਕੀਤਾ ਹੈ। ਇਹ ਕਥਨ ਮਸ਼ਹੂਰ ਹੈ ਕਿ "ਜੇ ਬੀਤੇ ਪਿਸਤੌਲ ਨਾਲ ਗੋਲੀ ਚਲਾਉਗੇ, ਤਾਂ ਭਵਿੱਖ ਤੁਹਾਨੂੰ ਤੋਪ ਨਾਲ ਫੁੰਡੇਗਾ।" ਸੋ ਕੋਈ ਪੀੜ੍ਹੀ ਆਪਣੇ ਅਤੀਤ ਵੱਲ ਪਿੱਠ ਕਰਕੇ ਵਰਤਮਾਨ 'ਚੋਂ ਗੁਜ਼ਰਦੀ ਹੋਈ ਵਧੀਆ ਭਵਿੱਖ ਨਹੀਂ ਉਸਾਰਦੀ। ਇਸੇ ਤਰ੍ਹਾਂ ਆਪਣੀ ਪਰੰਪਰਾ ਤੋਂ ਬੇਮੁੱਖ ਹੋ ਕੇ 'ਇਕ ਨਵੇਂ ਮਨੁੱਖ ਦੀ ਸਿਰਜਣਾ' ਅਸੰਭਵ ਹੈ। ਮਨੁੱਖ ਹੁਣ ਤੱਕ ਆਪਣੇ ਇਤਿਹਾਸ, ਤੋਂ ਪ੍ਰੇਰਨਾ ਤੇ ਤਜਰਬਾ ਲੈ ਕੇ ਹੀ ਉਨਤੀ ਦੀਆਂ ਮੰਜ਼ਿਲਾਂ ਛੂੰਹਦਾ ਆਇਆ ਹੈ। ਇਸ ਲਈ ਆਪਣੇ ਅਤੀਤ, ਪਰੰਪਰਾ ਤੇ ਇਤਿਹਾਸ ਦੀ ਸੋਝੀ ਬਿਨਾਂ ਕਿਸੇ ਕੌਮ ਦੇ ਲੋਕ ਵਿਕਾਸ ਦੇ ਰਾਹ ਤੇ ਇਕ ਵੀ ਸਾਬਤ ਕਦਮ ਨਹੀਂ ਪੁੱਟ ਸਕਦੇ। ਬੀਤੇ ਸਮੇਂ ਦੀਆਂ ਕਦਰਾਂ ਕੀਮਤਾਂ ਜ਼ਰੂਰੀ ਨਹੀਂ ਕਿ ਸਾਰੀਆਂ ਹੀ ਬੇਅਰਥ ਤੇ ਮਹੱਤਵਹੀਣ ਹੋਣ। ਸਦਾ ਹੀ ਮਨੁੱਖ ਆਪਣੇ ਸਮਕਾਲੀਨ ਪ੍ਰਸੰਗ ਵਿਚ ਇਨ੍ਹਾਂ ਕਦਰਾਂ-ਕੀਮਤਾਂ ਨੂੰ ਨਿਕਾਰਦਾ ਤੇ ਸਵੀਕਾਰਦਾ ਆਇਆ ਹੈ। ਜਗੀਰੂ ਕਦਰਾਂ-ਕੀਮਤਾਂ ਵਾਲੇ ਸਭਿਆਚਾਰ ਨੂੰ ਸੰਭਾਲਣ ਦੀ ਮਹੱਤਤਾ ਤੋਂ ਮੁਨਕਰ ਹੋ ਕੇ ਤੁਸੀਂ ਕਿਸੇ ਕੌਮ ਦੇ ਲੋਕਾਂ ਦੇ ਸਭਿਆਚਾਰਕ ਇਤਿਹਾਸ ਨੂੰ ਨਕਾਰ ਰਹੇ ਹੋ। ਤੁਹਾਡੀ ਇਸ ਸੋਚਣੀ ਮੁਤਾਬਕ ਤੁਹਾਡੇ ਵਲੋਂ ਖੇਡੇ ਜਾਂਦੇ "ਧਮਕ ਨਗਾਰੇ ਦੀ" ਆਦਿ ਨਾਟਕ ਕਿਹੜੀਆਂ ਕਦਰਾਂ ਕੀਮਤਾਂ ਤੇ ਆਧਾਰਤ ਹਨ। ਫੁਲਕਾਰੀ, ਮੱਕੀ ਦੀ ਰੋਟੀ ਤੇ ਸਰ੍ਹੋਂ ਦਾ ਸਾਗ, ਕੱਚੇ ਘਰਾਂ ਦਾ ਸੁਹਜ ਆਦਿ ਪੰਜਾਬ ਦੇ ਸਭਿਆਚਾਰਕ ਇਤਿਹਾਸ ਦਾ ਮੁਜੱਸਮਾ ਹਨ। ਮਹਿਜ਼ "ਫੁਲਕਾਰੀ ਹੀ ਆਪਣੇ ਆਪ ਵਿਚ ਜਾਗੀਰ-ਦਾਰਾਨਾ ਦੌਰ 'ਚ ਔਰਤ ਦੀ ਗੁਲਾਮੀ ਦਾ ਚਿੰਨ੍ਹ" ਨਹੀਂ ਸਗੋਂ ਸਮੁਚਾ ਇਹ ਦੌਰ ਹੀ ਔਰਤ ਦੀ ਗੁਲਾਮੀ ਦਾ ਯੁੱਗ ਸੀ। ਫੁਲਕਾਰੀ ਦੀ ਮਾਹਰ ਔਰਤ ਉਸ ਸਮੇਂ ਦੀ ਮੰਗ ਸੀ। ਅਜੇਹੀਆਂ ਰਚਨਾਤਮਕ ਰੁਚੀਆਂ ਦਾ ਸਤਿਕਾਰ ਕੀਤਾ ਜਾਂਦਾ ਸੀ। ਮਸ਼ੀਨਰੀ ਸਗੋਂ ਇਨ੍ਹਾਂ ਰੁਚੀਆਂ ਦਾ ਗਲ੍ਹਾ ਘੁੱਟਦੀ ਹੈ। ਮਨੁੱਖ ਖ਼ੁਦ ਮਸ਼ੀਨ ਬਣ ਜਾਂਦਾ ਹੈ। ਮੱਕੀ ਦੀ ਰੋਟੀ ਤੇ ਸਰ੍ਹੋਂ ਦਾ ਸਾਗ ਪੰਜਾਬੀ ਲੋਕਾਂ ਦੀ ਖੁੱਲ੍ਹੀ-ਡੁੱਲ੍ਹੀ ਖ਼ੁਰਾਕ ਤੇ ਫਸਲਾਂ ਲਈ ਭੂਗੋਲਿਕ ਜਲਵਾਯੂ ਦੇ ਲਖਾਇਕ ਹਨ। ਗਰਮ ਜੜ੍ਹੀ ਬੂਟੀਆਂ ਦਾ ਬਣਿਆ ਕਸ਼ਮੀਰੀ ਕਾਹਵਾ ਘਾਟੀ ਦੀ ਠੰਢ ਮੁਤਾਬਕ ਲੋਕਾਂ ਦੀ ਬਣੀ ਆਦਤ ਨੂੰ ਪ੍ਰਗਟਾਉਂਦਾ ਹੈ। ਕੱਚੇ ਘਰਾਂ ਦੀ ਬਣਤਰ ਤੇ ਸੁਹਜ ਪੰਜਾਬ ਦੇ ਸਾਂਝੇ ਪਰਿਵਾਰਕ ਸੰਗਠਨ ਤੇ ਕਿਸਾਨੀ ਕਿੱਤੇ ਦੀ ਸਭਿਆਚਾਰਕ ਦਸਤਾਵੇਜ਼ ਹਨ। ਚੰਡੀਗੜ੍ਹ ਵਰਗੇ ਸ਼ਹਿਰਾਂ ਲਈ ਅੱਜ ਆਰਕੀਟੈਕਟ ਭਾਵੇਂ ਫਰਾਂਸ ਦਾ ਹੋਵੇ, ਪਰ ਇਸ ਸ਼ਹਿਰ ਵਿਚ ਵੱਸਣ ਵਾਲੇ ਲੋਕ ਪੰਜਾਬੀ ਹੋਣਗੇ ਨਾ ਕਿ ਫਰਾਂਸੀਸੀ। ਇਸ ਲਈ ਵਸਿੰਦੇ ਲੋਕਾਂ ਦੇ ਸਭਿਆਚਾਰਕ ਤਾਣੇ ਬਾਣੇ ਨੂੰ ਪਹਿਲਾਂ ਧਿਆਨ ਵਿਚ ਰੱਖਕੇ ਹੀ ਸ਼ਹਿਰ ਉਸਾਰੇ ਜਾਣਗੇ।

ਸੋ ਤੁਹਾਨੂੰ ਬੀਤੇ ਦੀਆਂ ਕਦਰਾਂ-ਕੀਮਤਾਂ ਪ੍ਰਤੀ ਮੋਹ ਪ੍ਰਗਟਾਉਣਾ ਗੈਰ ਵਿਗਿਆਨਕ ਲਗਦਾ ਹੈ, ਪਰ ਮੈਨੂੰ ਇਨ੍ਹਾਂ ਤੋਂ ਬੇਮੋਹਾ ਹੋਣਾ ਗੈਰ ਵਿਗਿਆਨਕ ਤੇ ਅਸੁਭਾਵਕ ਜਾਪਦਾ ਹੈ। ਤੁਸੀਂ ਇਤਿਹਾਸ ਤੇ ਪਰੰਪਰਾ ਨੂੰ 'ਹਨੇਰਾ' ਕਹਿੰਦੇ ਹੋ, ਮੈਂ ਇਨ੍ਹਾਂ ਨੂੰ 'ਚਾਨਣ-ਮੁਨਾਰਾ' ਕਹਿੰਦਾ ਹਾਂ। —ਲਾਭ ਸਿੰਘ ਖੀਵਾ

o ਲਾਭ ਸਿੰਘ ਜੀ, ਤੁਸਾਂ ਦੀ ਚਿੱਠੀ ਪਾਠਕਾਂ ਦੀ ਜਾਣਕਾਰੀ ਲਈ ਛਾਪਕੇ ਮੈਂ ਇਸ ਬਹਿਸ ਨੂੰ ਅੱਗੇ ਲਿਜਾ ਰਿਹਾ ਹਾਂ, ਕਿਉਂਕਿ ਪਰੰਪਰਾ ਨੂੰ ਸਾਂਭਣ ਦੇ ਨਾਂ ਥੱਲੇਂ ਜੋ ਸਾਧਾਰਨ ਬੰਦੇ ਨਾਲ ਸਾਜ਼ਿਸ਼ ਹੋ ਰਹੀ ਹੈ, ਉਸਦਾ ਸਮ-ਝਣਾ ਬਹੁਤ ਜ਼ਰੂਰੀ ਹੈ।

ਪਹਿਲੀ ਗੱਲ ਤਾਂ ਇਹ ਹੈ ਕਿ ਪਰੰਪਰਾ ਨੂੰ ਇਕ ਇਤਿਹਾਸਕ ਅਮਲ ਦੇ ਤੌਰ ਤੇ ਘੋਖਣਾ ਤੇ ਪਰਖਣਾ ਜਿਥੇ ਇਕ ਵਿਗਿਆਨ ਹੈ ਉਥੇ ਇਹਦੇ ਨਾਲ ਮੋਹ ਕਾਇਮ ਰਖਣਾ ਗੈਰਵਿਗਿਆਨਕ ਹੈ। ਇਸ ਵਿਚ ਕੋਈ ਭੁਲੇਖਾ

ਨਹੀਂ ਹੋਣਾ ਚਾਹੀਦਾ।

ਆਮ ਇਹ ਕਿਹਾ ਜਾਂਦਾ ਹੈ ਕਿ ਜੇਕਰ ਬੰਦੇ ਦੀਆਂ ਆਪਣੀ ਧਰਤੀ ਤੇ ਜੜ੍ਹਾਂ ਨਹੀ, ਉਹ ਬੰਦਾ ਹਵਾ ਵਿਚ ਲਟਕਿਆ ਹੋਇਆ ਹੈ ਤੇ ਜ਼ਿੰਦਗੀ ਦੀ ਕਿਸੇ ਹਨੇਰੀ ਤੂਫਾਨ ਦਾ ਮੁਕਾਬਲਾ ਨਹੀਂ ਕਰ ਸਕੇਗਾ, ਉਹ ਡਿੱਗ ਪਵੇਗਾ। ਮੇਰੀ ਸੋਚ ਇਹ ਹੈ ਕਿ ਅੱਜ ਦੇ ਯੁਗ ਵਿਚ ਇਹ ਜੜ੍ਹਾਂ ਕਿਸੇ ਧਰਤੀ ਦੀਆਂ ਪਰੰਪਰਾਵਾਦੀ ਰਹੁ-ਰੀਤੀਆਂ ਨਹੀਂ, ਸਗੋਂ ਵਿਗਿਆਨਕ ਸੋਚ ਤੇ ਦਲੀਲ ਹੈ, ਉਹੀ ਜ਼ਿੰਦਗੀ ਦੀਆਂ ਹਨੇਰੀਆਂ ਦਾ ਮੁਕਾਬਲਾ ਕਰ ਸਕਦਾ ਹੈ। ਦੂਜਾ ਡਿੱਗ ਪਵੇਗਾ। ਜਿਨ੍ਹਾਂ ਚੀਜ਼ਾਂ ਨੂੰ ਜੜ੍ਹਾਂ ਦਾ ਨਾਂ ਦਿੱਤਾ ਜਾਂਦਾ ਹੈ, ਉਹਨਾਂ ਨੂੰ ਪਕੜੀ ਰੱਖਣਾ ਸ਼ਾਵਨਵਾਦੀ ਸੋਚ ਤੋਂ ਸਿਵਾ ਹੋਰ ਕੁਝ ਨਹੀਂ ਤੇ ਇਹ ਹਮੇਸ਼ਾ ਮੂਰਖਤਾ ਨੂੰ ਹੀ ਜਨਮ ਦੇਵੇਗੀ। ਪੰਜਾਬ ਵਿਚ ਪਿਛਲੇ ਕੁਝ ਸਾਲਾਂ ਵਿਚ ਜੋ ਮੂਰਖਤਾ ਦੇ ਅਮਲ ਵੇਖੇ ਗਏ ਹਨ, ਇਹ ਸਭ ਉਸੇ ਸ਼ਾਵਨਵਾਦੀ ਸੋਚ ਦੀ ਹੀ ਦੇਣ ਹਨ। ਇਹ ਅਮਲ ਇਕ ਪਾਸੇ ਪੰਥ ਪੰਜਾਬੀਅਤ ਦੇ ਨਾਂ ਥੱਲੇ ਕੀਤੇ ਗਏ ਹਨ ਤੇ ਦੂਜੇ ਪਾਸੇ ਭਾਰਤ ਦੀ ਅਖੰਡਤਾ ਦੇ ਨਾਂ ਥੱਲੇ ਕੀਤੇ ਗਏ ਹਨ, ਜਦੋਂ ਕਿ ਅਸਲੀਅਤ ਇਹ ਹੈ ਕਿ ਅੱਜ ਨਾ ਹੀ ਕੋਈ ਸਿਰ ਲੱਥਿਆਂ ਦਾ ਪੰਥ ਹੈ, ਨਾ ਹੀ ਕੋਈ ਖੁੱਲ੍ਹੇ ਡੁੱਲ੍ਹੇ ਸੁਭਾ ਵਾਲੀ ਪੰਜਾਬੀਅਤ ਹੈ ਅਤੇ ਨਾ ਹੀ ਬਦੇਸ਼ੀ ਸਾਮਰਾਜ ਵਿਰੁੱਧ ਲੜਦੇ ਹੋਏ ਦੇਸ਼ ਭਗਤਾਂ ਦਾ ਕੋਈ ਅਖੰਡ ਭਾਰਤ ਹੈ। ਸ਼ਬਦਾਂ ਦੇ ਮੋਹ ਨੂੰ ਹਾਕਮ ਜਮਾਤਾਂ ਨੇ ਅਪਣੇ ਅਪਣੇ ਹਿਤ ਵਾਸਤੇ ਵਰਤਿਆ ਹੈ ਤੇ ਇਹ ਮੋਹ ਜਿੰਨੀ ਜਲਦੀ ਭੰਗ ਹੋ ਸਕੇ ਉਨਾ ਹੀ ਚੰਗਾ ਹੈ।

ਆਧੁਨਿਕਤਾ ਜ਼ਿੰਦਗੀ ਦੇ ਵਿਕਾਸ ਦਾ ਧੁਰਾ ਹੈ। ਬੁਰਜੂਆ ਜਮਾਤ ਇਸ ਦੀ ਵਰਤੋਂ ਆਪਣੀ ਸੋਚ ਅਨੁਸਾਰ ਲੱਚਰ ਤਰੀਕੇ ਨਾਲ ਕਰੇਗੀ। ਇਸਦਾ ਜਵਾਬ ਪਰੰਪਰਾ ਵਾਦੀ ਕਦਰਾਂ ਕੀਮਤਾਂ ਨਾਲ ਮੋਹ ਨਹੀਂ, ਸਗੋਂ ਇਸਦੀ ਵਿਕਾਸਸ਼ੀਲ ਵਰਤੋਂ ਹੈ। ਆਧੁਨਿਕਤਾ ਸ਼ਬਦ ਨੂੰ 'ਫੈਸ਼ਨ' ਯਾ 'ਅਯਾਸ਼ੀ ਦਾ ਸਾਧਨ' ਕਹਿਕੇ ਬਦਨਾਮ ਨਾ ਹੋਣ ਦੇਣਾ ਸਾਡਾ ਫਰਜ਼ ਹੈ। ਅੱਜ ਕੱਲ ਹੋਟਲਾਂ ਵਿਚ ਫਿਲਮਾਂ ਵਿਚ ਇਕ 'ਰੌਕ ਮਿਊਜ਼ਿਕ' ਵਜਦਾ ਹੈ। ਇਸੇ ਸੰਗੀਤ ਦੀ ਲੈਅ ਵਿਚ ਲੱਚਰ ਹਰਕਤਾਂ ਕੀਤੀਆਂ ਜਾਂਦੀਆਂ ਹਨ ਪਰ ਇਹ ਇਸ ਸੰਗੀਤ ਦਾ ਕਸੂਰ ਨਹੀਂ। ਇਸੇ ਲੈਅ ਵਿਚ ਮੈਨੂੰ ਅਮਰੀਕਾ ਵਿਚ ਬੜੇ ਇਨਕਲਾਬੀ ਪੱਧਰ ਦੇ ਐਕਸ਼ਨ ਗੀਤ ਵੇਖਣ ਦਾ ਅਵਸਰ ਮਿਲਿਆ ਹੈ। ਆਧੁਨਿਕਤਾ ਦੀ ਲੱਚਰ ਵਰਤੋਂ ਨਿੰਦਣਯੋਗ ਹੈ, ਪਰ ਆਧੁਨਿਕਤਾ ਨਿੰਦਣ ਯੋਗ ਨਹੀਂ। ਇਹ ਆਧੁਨਿਕ ਸੋਚ ਹੈ ਕਿ ਸਾਨੂੰ ਅਪਣੀ ਖੁਰਾਕ ਆਪਣੇ ਸੰਗੀਤ ਸਾਧਨਾਂ ਦੇ ਵਿਚ ਵਿਚ ਕਿਸ ਤਰ੍ਹਾਂ ਸਿਹਤ ਦੇ ਅਸੂਲਾਂ ਅਨੁਸਾਰ ਢਾਲਣੀ ਚਾਹੀਦੀ ਹੈ। ਇਸ ਪ੍ਰਸੰਗ ਵਿਚ ਮੱਕੀ ਦੀ ਰੋਟੀ ਤੇ ਸਾਗ ਦਾ ਮੈਂ ਜ਼ਿਕਰ ਕੀਤਾ ਸੀ। ਇਸ ਖੁਰਾਕ ਨਾਲ ਪੰਜਾਬੀਅਤ, ਦੇ ਨਾਂ ਥੱਲੇ ਮੋਹ ਗ਼ਲਤ ਰੁਚੀ ਹੈ। ਇਸੇ ਤਰ੍ਹਾਂ ਸਿਹਤ ਵਿਗਿਆਨ ਕਹਿੰਦਾ ਹੈ ਕਿ ਗਰਮੀ ਦੇ ਮੌਸਮ ਵਿਚ ਜੇਕਰ ਠੰਢੇ ਪਾਣੀ ਦਾ ਫੁਹਾਰਾ ਇਸ਼ਨਾਨ (Shower Bath) ਤੇ ਸਰਦੀ ਦੇ ਮੌਸਮ ਵਿਚ ਕੋਸੇ ਪਾਣੀ ਦਾ ਫੁਹਾਰਾ ਇਸ਼ਨਾਨ ਮਿਲ ਜਾਏ ਤਾਂ ਇਹ ਸਿਹਤ ਲਈ ਬਹੁਤ ਚੰਗਾ ਹੈ। ਸਾਡੇ ਪਿੰਡਾਂ ਵਿਚ ਖੇਤਾਂ ਵਿਚੋਂ ਕੰਮ ਕਰਕੇ ਆਏ ਕਿਸਾਨ ਜੇਕਰ ਥੋੜੀ ਜਿਹੀ ਖੇਚਲ ਕਰਕੇ ਇਹੋ ਜਿਹੇ ਬੰਦੋਬਸਤ ਥੱਲੇ ਇਸ਼ਨਾਨ ਕਰਕੇ ਆਪਣੀ ਥਕਾਵਟ ਲਾਹ ਲੈਣ, ਤਾਜ਼ਾ ਦਮ ਹੋ ਜਾਣ ਤਾਂ ਇਹ ਨਾ ਹੀ ਫੈਸ਼ਨ ਹੋਵੇਗਾ ਅਤੇ ਨਾ ਹੀ ਸ਼ਹਿਰੀਆਂ ਦੀ ਨਕਲ ਹੋਵੇਗੀ। ਪਿੰਡਾਂ ਵਿਚ ਘਰਾਂ ਵਿਚ ਲੈਟਰੀਨ ਨਹੀਂ, ਹਾਜਤ ਲਈ ਬਾਹਰ ਖੇਤਾਂ ਵਿਚ ਜਾਣਾ ਹੁੰਦਾ ਹੈ। ਸਾਡੀਆਂ ਔਰਤਾਂ ਅਗਰ ਦਿਹਾੜੀ ਕਿਸੇ ਵੇਲੇ ਹਾਜਤ ਮਹਿਸੂਸ ਕਰਨ ਵੀ ਤਾਂ ਵੀ ਉਹ ਸ਼ਾਮ ਤੱਕ ਡੱਕੀ ਰੱਖਦੀਆਂ ਹਨ ਤਾਂ ਜੋ ਇਕੱਠੀਆਂ ਖੇਤਾਂ ਵੱਲ ਜਾ ਸਕਣ। ਇਹਦੇ ਨਾਲ ਸਰੀਰ ਵਿਚ ਇਕ ਗੈਸ ਜਮਾਂ ਹੁੰਦੀ ਰਹਿੰਦੀ ਹੈ, ਜੋ ਬਹੁਤ ਸਾਰੀਆਂ ਬਿਮਾਰੀਆਂ ਦੀ ਜ਼ਿੰਮੇਵਾਰ ਹੁੰਦੀ ਹੈ। ਇਸੇ ਤਰ੍ਹਾਂ ਖੇਤਾਂ ਵਿਚ ਖੁੱਲ੍ਹਾ ਮਨੁੱਖੀ ਮੈਲਾ ਬਹੁਤ ਸਾਰੀਆਂ ਛੂਤ ਦੀਆਂ ਬਿਮਾਰੀਆਂ ਦਾ ਕਾਰਨ ਹੈ, ਸਾਨੂੰ ਬਹੁਤ ਸਾਰੇ ਸਿਸਟਮ ਬਦਲਣੇ ਪੈਣਗੇ। ਡੂੰਘੇ ਟਏ ਤੇ ਕੱਜਿਆ ਹੋਇਆ ਡਰੇਨਿਜ ਸਿਸਟਮ ਅਪਨਾਉਣਾ ਪਵੇਗਾ। ਇਹ ਆਧੁਨਿਕ ਵਿਗਿ-ਆਨਿਕ ਸੋਚ ਹੈ। ਇਹ ਕੋਈ ਫੈਸ਼ਨ ਨਹੀਂ। ਮੈਨੂੰ ਪਰੰਪਰਾਵਾਦੀ ਕੀਮਤਾਂ ਨਾਲ ਮੋਹ ਦੇ ਵਿਰੁੱਧ ਸਾਰਿਆਂ ਨਾਲੋਂ ਵੱਧ ਇਹੋ ਇਤਰਾਜ਼ ਹੈ ਕਿ ਇਹ ਮਨੁੱਖ ਦੀ ਚੇਤਨਤਾ ਨੂੰ ਸਹੀ ਦਿਸ਼ਾ ਵੱਲ ਵੱਧਣ ਦੀ ਰੁਚੀ ਨੂੰ ਖੁੰਢਿਆਂ ਕਰਦੀ ਹੈ। ਹਾਕਮ ਲੋਕ ਇਹੋ ਚਾਹੁੰਦੇ ਹਨ ਤੇ ਇਸੇ ਕਰਕੇ ਪਰੰਪਰਾ ਨੂੰ ਸਾਂਭਣ ਦਾ ਅਡੰਬਰ ਆਮ ਲੋਕਾਂ ਵਿਰੁੱਧ ਇਕ ਸਾਜ਼ਿਸ਼ ਹੋ ਨਿਬੜਦਾ ਹੈ।

o ਲੋਕ ਸਭਿਆਚਾਰ ਦੇ ਅਰਥ ਹੋਣੇ ਚਾਹੀਦੇ ਹਨ, ਲੋਕਾਂ ਦੀ ਜ਼ਿੰਦਗੀ ਨੂੰ ਮਨੁੱਖੀ ਗਿਆਨ ਅਨੁਸਾਰ ਢਾਲਣਾ ਤੇ ਉਹਦਾ ਵਿਕਾਸ ਕਰਨਾ ਨਾ ਕਿ ਰੂੜੀਵਾਦੀ ਕਦਰਾਂ ਕੀਮਤਾਂ ਨੂੰ ਸਾਂਭਣਾ। ਪੰਜਾਬ ਦੀਆਂ ਚਾਰ ਯੂਨੀਵਰਸਿਟੀਆਂ ਵਿਚ ਬੜੇ ਹੀ ਲੋਕ ਪੰਜਾਬ ਦੇ ਸਭਿਆ-ਚਾਰ ਦੇ ਵੱਖ ਵੱਖ ਪਹਿਲੂਆਂ ਉਤੇ ਕੰਮ ਕਰ ਰਹੇ ਹਨ ਪਰ ਉਹਨਾਂ ਦੇ ਵਿਸ਼ਿਆਂ ਦਾ ਜੇਕਰ ਇਕ ਸਰਸਰੀ ਸਰਵੇਖਣ ਹੀ ਕਰੀਏ ਤਾਂ ਉਹਨਾਂ ਵਿਚੋਂ ਬਹੁਤੇ ਪਰੰਪਰਾ

ਦੀ ਖੋਜ ਕਰਕੇ ਉਹਦੇ ਨਾਲ ਮੋਹ ਪੈਦਾ ਕਰਨ ਦੇ ਉਦੇਸ਼ ਨਾਲ ਹੀ ਹੋਣਗੇ। ਗੁਰੂ ਗਰੰਥ ਸਾਹਿਬ ਵਿਚ ਫਰੀਦ ਦੀ ਦੇਣ, ਭਗਤਾਂ ਦੀ ਬਾਣੀ, ਗੁਰੂ ਗਰੰਥ ਸਾਹਿਬ ਵਿਚ ਫਲਾਣੀ ਗੱਲ, ਢੀਂਗਰੀ ਗੱਲ, ਕੋਈ 798 ਪੇਪਰ ਪਿਛਲੇ ਸਾਲਾਂ ਵਿਚ ਐਮ. ਫਿਲ ਤੇ ਪੀ.ਐਚ.ਡੀ. ਡਿਗਰੀਆਂ ਵਾਸਤੇ ਲਿਖੇ ਗਏ ਹਨ। ਸਭ ਪਿਛਲੀਆਂ ਗੱਲਾਂ ਹੀ ਹਨ। ਕੀ ਲੋਕ ਜੋ ਅੱਜ ਸੋਚ ਰਹੇ ਹਨ, ਉਹ ਲੋਕ ਸਭਿਆਚਾਰ ਦਾ ਅੰਗ ਨਹੀਂ ? ਪੰਜਾਬੀ ਕਲਚਰ ਵਿਚ ਕੀ ਆਧੁਨਿਕਤਾ ਹੋਣੀ ਚਾਹੀਦੀ ਹੈ, ਇਹਦੇ ਬਾਰੇ ਕਦੀ ਧਿਆਨ ਨਹੀਂ ਦਿੱਤਾ ਜਾਏਗਾ। ਯੂਨੀਵਰਸਿਟੀਆਂ ਵਿਚ ਵੀ ਇਹ ਇਕ ਗੁੱਝੀ ਸਾਜ਼ਿਸ਼ ਚੱਲ ਰਹੀ ਹੈ, ਪਰ ਪਟਿਆਲਾ ਸਭਿਆਚਾਰਕ ਸੈਂਟਰ, ਇਹਦਾ ਇਕ ਖੁੱਲ੍ਹਾ ਰੂਪ ਸਾਡੇ ਸਾਹਮਣੇ ਆ ਗਿਆ ਹੈ।

o ਮੇਰੀ ਚੰਡੀਗੜ੍ਹ ਦੀ ਗੱਲ ਤੋਂ ਇਹ ਨਾ ਲਿਆ ਜਾਏ ਕਿ ਮੈਂ ਇਹ ਚਾਹੁੰਦਾ ਹਾਂ ਕਿ ਮੇਰੇ ਪਿੰਡ ਦੇ ਲੋਕ ਚੰਡੀਗੜ੍ਹ ਚਲੇ ਜਾਣ। ਸਗੋਂ ਮੈਂ ਚਾਹੁੰਦਾ ਹਾਂ ਕਿ ਸਾਡੇ ਪਿੰਡ ਚੰਡੀਗੜ੍ਹ ਦੀ ਆਧੁਨਿਕਤਾ ਨੂੰ ਅਪਨਾਉਣ। ਪਿੰਡ ਦੀਆਂ ਸੱਥਾਂ ਵਿਚ ਚੰਗੇ ਗੁਲਾਬ ਦੇ ਫੁੱਲ ਲਗਣ। ਚੰਗੇ ਬੈਠਣ ਵਾਲੇ ਬੈਂਚ ਬਣਨ। ਪਿੰਡਾਂ ਦੇ ਸਕੂਲ, ਪਿੰਡਾਂ ਦੇ ਹਸਪਤਾਲ ਵਧੀਆ ਬਣਨ। ਚੰਡੀਗੜ੍ਹ ਦੀ ਆਰਕੀਟੈਕਟ ਦਾ ਬਾਹਰਾ ਰੂਪ ਭਾਵੇਂ ਫਰਾਂਸੀਸੀ ਹੈ, ਪਰ ਉਹਦੀ ਸਾਰੀ ਪਲੈਨਿੰਗ ਪਿਛੇ ਇਕ ਆਰਕੀਟੈਕਟ ਦੀ ਸਾਇੰਸ ਹੈ। ਅਸੀਂ ਚੇਤਨ ਹੋ ਕੇ ਆਪਣੇ ਕੱਚਿਆਂ ਨਾਲ ਮੋਹ ਛੱਡੀਏ। ਜ਼ਰੂਰੀ ਨਹੀਂ ਕਿ ਕੱਚੇ ਵਿਹੜੇ ਵਿਚ ਝਾੜੂ ਦੇਂਦੀਆਂ ਸਾਡੀਆਂ ਮਾਵਾਂ, ਭੈਣਾਂ, ਵਹੁਟੀਆਂ ਆਪਣੇ ਲੱਕ ਦੂਹਰੇ ਕਰਦੀਆਂ ਰਹਿਣ। ਸਾਡਾ ਹਰ ਇਕ ਪਿੰਡ ਚੰਡੀਗੜ੍ਹ ਹੋਵੇ, ਇਹ ਸਾਡਾ ਨਾਅਰਾ ਹੋਣਾ ਚਾਹੀਦਾ ਹੈ।

o ਪਹਿਲੇ ਕਿਸੇ ਗੱਲ ਦੀ ਇੱਛਾ ਬਣਾਈਦੀ ਹੈ ਤੇ ਫੇਰ ਉਸਨੂੰ ਪੂਰਾ ਕਰਨ ਲਈ ਸੰਘਰਸ਼ ਕਰੀਦਾ ਹੈ। ਜੇਕਰ ਇੱਛਾ ਹੀ ਨਾ ਬਣੇ ਤਾਂ ਸੰਘਰਸ਼ ਨਹੀਂ ਹੋ ਸਕਦੇ। ਪਰੰਪਰਾ ਨਾਲ ਮੋਹ ਇਹ ਇੱਛਾ ਬਨਾਉਣ ਵਿਚ ਰੁਕਾਵਟ ਹੈ।

o ਅਖੀਰ ਵਿਚ ਮੈਂ ਤੁਸਾਂ ਨੂੰ ਇਹੀ ਸਵਾਲ ਕਰਾਂਗਾ ਕਿ ਇਸ ਸੈਂਟਰ ਬਣਨ ਨਾਲ ਤੁਸੀਂ ਆਪਣੇ ਪਿੰਡ ਭਾਈ ਰੂਪਾ ਦੀ ਕੀ ਬੇਹਤਰੀ ਵੇਖਦੇ ਹੋ ? ਜੇਕਰ ਕੁਝ ਦੇਖਦੇ ਹੋ ਤਾਂ ਮੈਂ ਜ਼ਰੂਰ ਉਹ ਜਾਣਨਾ ਚਾਹਵਾਂਗਾ ਨਹੀਂ ਤਾਂ ਮੈਂ ਇਹੀ ਆਖਾਂਗਾ ਕਿ ਇਹ ਚਿੱਟਾ ਹਾਥੀ ਜਿਸ ਉਤੇ ਲੋਕਾਂ ਦਾ ਕਮਾਇਆ ਲੱਖਾਂ ਦਾ ਧਨ ਲਗਾਇਆ ਜਾ ਰਿਹਾ ਹੈ, ਉਹ ਇਕ ਸਾਜ਼ਿਸ਼ ਤੋਂ ਸਿਵਾ ਕੁਝ ਨਹੀਂ।

**ਗੁਰਸ਼ਰਨ ਸਿੰਘ**

**2** ਸਮਤਾ ਦਸੰਬਰ ਵਿਚ ਇਕ ਅਜੀਬ ਗੱਲ ਮਿਲੀ ਕਿ ਅਮਰਜੀਤ ਚੰਦਨ ਨੂੰ ਕਈ ਸਾਲ ਅੰਤਰ-ਰਾਸ਼ਟਰੀ ਕਵਿਤਾ ਦੇ ਅਧਿਅਨ ਉਤੇ ਖਰਚਣੇ ਪਏ। ਇਹ ਦਸ ਸਲਾਹਾਂ ਤਾਂ ਉਹ ਇਥੇ ਭਾਰਤ ਵਿਚ ਹੀ ਕਿਸੇ ਏਅਰ ਕੰਡੀਸ਼ਨ ਕਮਰੇ ਵਿਚ ਬੈਠਕੇ ਕੌਫੀ ਪੀਂਦਿਆਂ ਹੀ ਦੇ ਸਕਦਾ ਸੀ।

ਹੋਰਨਾਂ ਗੱਲਾਂ ਤੋਂ ਬਿਨਾ ਅਮਰਜੀਤ ਚੰਦਨ ਨੇ ਪੰਜਾਬ ਵਿਚ ਲੜੇ ਘੋਲਾਂ ਤੇ ਉਨ੍ਹਾਂ ਵਿਚੋਂ ਨਿਕਲੀ ਕਵਿਤਾ ਨੂੰ ਮਨਫੀ ਕਰ ਦਿੱਤਾ ਹੈ। ਉਹ ਕਹਿੰਦਾ ਹੈ ਕਿ ਸਿਆਸੀ ਕਵਿਤਾ ਅਮੂਰਤ ਦੁਸ਼ਮਣ ਨੂੰ ਮੁਖ਼ਾਤਬ ਹੈ। ਕੀ ਸਰਮਾਏਦਾਰੀ, ਜਗੀਰਦਾਰੀ, ਇਹ ਮੌਜੂਦਾ ਨਿਜ਼ਾਮ ਜੋ ਦਲਿਤ ਵਰਗ ਦੇ ਦੁਸ਼ਮਣ ਹਨ, ਅਮੂਰਤ ਹਨ ? ਫਿਰ ਉਹ ਕਹਿੰਦਾ ਹੈ ਕਿ 'ਅਮੂਰਤ ਦੁਸ਼ਮਣ' ਨੇ ਇਹ ਸਭ ਕਦੀ ਪੜ੍ਹਨੇ ਨਹੀਂ ਹੁੰਦੇ, ਵਾਹ ਚੰਦਨ ! ਨਕਸਲਬਾੜੀ ਲਹਿਰ ਦੇ ਕਵੀਆਂ ਨੂੰ ਜੋ ਤਸੀਹੇ ਜੇਲ੍ਹਾਂ ਵਿਚ ਦਿੱਤੇ ਗਏ ਕੀ ਇਹ ਮੱਝਾਂ ਚੁਰਾਉਣ ਬਦਲੇ ਸਨ ? ਉਹਨਾਂ ਦੀ ਕਵਿਤਾ ਕਿਸੇ ਸਰਕਾਰੀ ਜਥੇਬੰਦੀ ਨੇ ਨਹੀਂ ਪੜ੍ਹੀ ਜਿਸ ਖਿਲਾਫ਼ ਉਹ ਲਿਖ ਰਹੇ ਸਨ ?

**ਹਰਜੀਤ ਅਟਵਾਲ (ਜਲੰਧਰ)**

3 ਟਿੱਪਣੀ/**ਅਮਰਜੀਤ ਚੰਦਨ ਦੀਆਂ ਦਸ ਸਲਾਹਾਂ**

ਸਮਤਾ ਦਸੰਬਰ 85 'ਚ ਅਮਰਜੀਤ ਚੰਦਨ ਨੇ ਹਮਕਲਮਾਂ ਨੂੰ ਦਸ ਸਲਾਹਾਂ ਦਿੱਤੀਆਂ ਹਨ। ਇਹਨਾਂ 'ਚੋਂ ਨੰਬਰ 6 ਅਤੇ 7 ਦੋਹਾਂ 'ਚ ਸਵੈ-ਵਿਰੋਧ ਹੈ। ਜਿਥੇ ਪਹਿਲਾਂ ਸਾਥੀ ਚੰਦਨ ਆਖਦੇ ਹਨ, "ਲਫ਼ਜ਼ਾਂ ਨਾਲ ਖੇਡੋ ਨਾ... ...ਲਫ਼ਜ਼ ਸਾਡੇ ਹਥਿਆਰ ਹਨ।" ਉਥੇ ਉਹ ਅਗਲੀ ਈ ਸਲਾਹ 'ਚ ਬਿਲਕੁਲ ਉਲਟ ਪੁਜ਼ੀਸ਼ਨ ਲੈ ਗਏ ਹਨ ਤੇ ਨਵਾਂ 'ਬਿੰਬ ਵਿਧਾਨ' ਸਿਰਜਣ ਦੀ ਸਲਾਹ ਦੇਂਦੇ ਹਨ। ਨਵਾਂ ਬਿੰਬ ਵਿਧਾਨ ਸਿਰਜਣ ਦੀ ਗੱਲ ਕਰਨੀ ਲਫ਼ਜ਼ਾਂ ਨਾਲ ਖੇਡਣਾ ਨਹੀਂ ਤਾਂ ਹੋਰ ਕੀ ਹੈ ? ਗੱਲ ਤਾਂ ਜ਼ਿੰਦਗੀ ਦੀ ਅਸਲੀਅਤ ਇੰਜ ਪੇਸ਼ ਕਰਨ ਦੀ ਹੈ ਕਿ ਲੋਕ ਆਪਣੀ ਉਭ-ਭਰੀ ਜ਼ਿੰਦਗੀ 'ਚੋਂ ਦਿਸ਼ਾ ਢੂੰਡ ਸਕਣ, ਨਾ ਕਿ ਲਫ਼ਜ਼ਾਂ ਦੀ 'ਚਲਾਕੀ' ਦੀ ਹੈ। ਅਜਿਹੇ ਬਥੇਰੇ ਤਜਰਬੇ ਪ੍ਰਯੋਗਵਾਦੀ ਕਰ ਚੁੱਕੇ ਹਨ। ਪਰ ਕੀ ਉਹਨਾਂ ਦਾ ਉਹ ਨਵਾ ਬਿੰਬ-ਵਿਧਾਨ ਪਾਠਕਾਂ ਦੇ ਮੇਚ ਆ ਸਕਿਆ ? ਤੇ ਇਸਦੇ ਉਲਟ ਪਾਸ਼, ਖਟਕੜ, ਦਿਲ ਆਦਿ ਦੀਆਂ ਕਵਿਤਾਵਾਂ ਕਿਸੇ ਨਵੇਂ ਬਿੰਬ-ਵਿਧਾਨ ਨੂੰ ਸਾਹਮਣੇ ਰੱਖ ਕੇ ਨਹੀਂ ਸੀ ਲਿਖੀਆਂ ਗਈਆਂ ਬਲਕਿ ਲੋਕਾਂ ਦੀ ਬੇਚੈਨੀ, ਉਹਨਾਂ ਦੀ ਜ਼ਿੰਦਗੀ ਦੀਆਂ ਕੌੜੀਆਂ ਹਕੀਕਤਾਂ ਤੇ ਰੋਹ ਨੂੰ ਨੇੜਿਓਂ ਹੋ ਕੇ ਚਿਤਰਨ ਦੀ ਕੋਸ਼ਿਸ਼ ਸੀ। ਤੇ ਇਹ ਕਵਿਤਾਵਾਂ ਇਸ ਲਈ ਹੀ 'ਨਾਅਰਾ' ਬਣ ਸਕੀਆਂਹਨ ਕਿਉਂਕਿ ਇਹਨਾਂ 'ਚ ਹਕੀਕਤਾਂ ਨੂੰ ਦਿਸ਼,

ਦੇਣ ਦਾ ਯਤਨ ਕੀਤਾ ਗਿਆ ਸੀ ਨਾ ਕਿ ਇਹ ਨਵਾਂ ਬਿੰਬ-ਵਿਧਾਨ ਸਾਹਮਣੇ ਰੱਖ ਕੇ ਲਿਖੀਆਂ ਗਈਆ ਸਨ।

ਇਸ ਵਾਰ ਸੰਪਾਦਕੀ 'ਚ ਤੁਸੀਂ ਬੜਾ ਗੰਭੀਰ ਮਸਲਾ ਉਠਾਇਆ ਹੈ। ਸਾਨੂੰ ਸੱਤਾ ਵਲੋਂ ਅਜਿਹੀਆਂ ਲੋਕ-ਵਿਰੋਧੀ ਸਾਜ਼ਿਸ਼ਾਂ ਦਾ ਡੱਟ ਕੇ ਪਰਦਾਫ਼ਾਸ਼ ਕਰਨਾ ਚਾਹੀਦਾ ਹੈ ਜਿਹੜੀਆਂ ਕਿ ਅਕਸਰ ਖੂਬਸੂਰਤ ਨਾਵਾਂ, ਖੂਬਸੂਰਤ ਲਫ਼ਜ਼ਾਂ 'ਚ ਕੀਤੀਆਂ ਜਾਂਦੀਆ ਹਨ। ਤੇ ਨਾਲ ਹੀ ਇਹਨਾਂ ਦੀਆਂ ਪ੍ਰਧਾਨਗੀਆਂ ਸਕੱਤਰੀਆਂ ਨਾਲ ਜੁੜੇ ਪੰਜਾਬੀ ਸਭਿਆਚਾਰ ਦੇ ਉਹਨਾਂ 'ਹੇਜਲੇ' ਲੇਖਕਾਂ, ਵਿਦਵਾਨਾਂ ਦੇ ਚਿਹਰਿਆਂ ਤੋਂ ਮੁਖੌਟੇ ਵੀ ਲਾਹੁਣੇ ਚਾਹੀਦੇ ਹਨ, ਜਿਹੜੇ ਚੇਤੰਨ ਰੂਪ 'ਚ ਇਤਿਹਾਸ ਨੂੰ ਪੁੱਠਾ ਗੇੜ ਦੇਣ ਦੇ ਯਤਨਾਂ ਦੀ ਹਮਾਇਤ ਕਰਦੇ ਹਨ।

ਡਾਕਟਰ ਚਮਨ ਲਾਲ ਦਾ ਪੇਪਰ ਵਧੀਆ ਹੈ। ਨੂਰ ਦੇ ਪੇਪਰ ਨੂੰ ਵੀ ਗੁਜ਼ਾਰੇ ਜੋਗਾ ਆਖਿਆ ਜਾ ਸਕਦਾ ਹੈ। —ਬਲਬੀਰ ਪਰਵਾਨਾ

---

ਰੀਵੀਊ

## ਹਮਾਇਤੀ (ਕਹਾਣੀ ਸੰਗ੍ਰਹਿ)

ਸੰਪਾਦਕ : ਗੁਰਬਖਸ਼ ਜੱਸ

'ਹਮਾਇਤੀ' ਪਿਛੇ ਜਿਹੇ ਪੰਜਾਬ ਲੋਕ ਸਭਿਆਚਾਰ ਮੰਚ ਵੱਲੋਂ ਪ੍ਰਕਾਸ਼ਤ ਨੌ ਚੋਣਵੀਆਂ ਕਹਾਣੀਆਂ ਦਾ ਸੰਗ੍ਰਹਿ ਹੈ। ਇਹ ਕਹਾਣੀਆਂ ਉਰਦੂ ਤੇ ਹਿੰਦੀ ਦੇ ਪ੍ਰਸਿਧ ਲੇਖਕਾਂ ਵਲੋਂ ਲਿਖੀਆਂ ਹੋਈਆਂ ਹਨ। ਇਸ ਸੰਗ੍ਰਹਿ ਤੋਂ ਪਹਿਲਾਂ ਇਹ ਅਨੁਵਾਦ ਹੋ ਕੇ ਵਖੋ ਵਖਰੇ ਰਸਾਲਿਆਂ ਵਿਚ ਛਪਕੇ ਪੰਜਾਬੀ ਪਾਠਕਾਂ ਤਕ ਪੁੱਜ ਚੁੱਕੀਆਂ ਸਨ। ਆਮ ਪਾਠਕਾਂ ਤੱਕ ਸਸਤਾ ਤੇ ਉੱਚਾ ਸਾਹਿਤ ਪੁਚਾਉਣਾ ਪ੍ਰਲਸ ਮੰਚ ਦਾ ਆਦਰਸ਼ ਹੈ। ਇਸੇ ਆਦਰਸ਼ ਦੀ ਪ੍ਰਾਪਤੀ ਦੇ ਅੰਗ ਵਜੋਂ ਇਹ ਸੰਗ੍ਰਹਿ ਪ੍ਰਕਾਸ਼ਿਤ ਕੀਤਾ ਗਿਆ ਹੈ।

ਸੰਗ੍ਰਹਿ ਦੇ ਮੁੱਢ ਵਿਚ ਸੰਪਾਦਕ ਗੁਰਬਖਸ਼ ਜੱਸ ਨੇ ਸੰਖੇਪ ਸ਼ਬਦਾਂ 'ਚ ਸਾਹਿਤ ਦੇ ਕਰਤਵ ਤੇ ਮਨੋਰਥ ਸਬੰਧੀ ਦੱਸਿਆ ਹੈ। ਸਾਹਿਤ ਕਲਿਆਨਕਾਰੀ ਹੋਣਾ ਚਾਹੀਦਾ ਹੈ। ਜਮਾਤੀ ਪੱਖੋਂ ਦਲਿਤਾਂ ਦੇ ਹੱਕ ਵਿਚ ਭੁਗਤਣਾ ਚਾਹੀਦਾ ਹੈ। ਪਰੰਤੂ ਸਾਹਿਤ ਕਲਾ ਹੈ, ਕਲਾ ਰਾਹੀਂ ਗੱਲ ਕਹਿਣ ਦਾ ਆਪਣਾ ਅੰਦਾਜ਼ ਹੈ। ਇਸੇ ਲਈ ਜਿਥੇ ਇਹ ਕਹਾਣੀਆਂ ਦਲਿਤਾਂ ਦੇ ਹੱਕ ਵਿਚ ਭੁਗਤਦੀਆਂ ਹਨ, ਉਥੇ ਇਨ੍ਹਾਂ ਦੀ ਕਲਾਤਮਕ ਕੀਮਤ ਬਹੁਤ ਉੱਚੀ ਹੈ।

ਪਹਿਲੀ ਕਹਾਣੀ ਉਰਦੂ ਦੇ ਪ੍ਰਸਿੱਧ ਕਹਾਣੀਕਾਰ ਮਰਹੂਮ ਕ੍ਰਿਸ਼ਨ ਚੰਦਰ ਦੀ ਬਹੁਤ ਉੱਘੀ ਕਹਾਣੀ ਹੈ। ਜਿਸ ਵਿਚ ਹਰਾਮੀ ਬੱਚੇ ਪਾਲਨ ਵਾਲੇ ਯਤੀਮਖਾਨੇ ਦੇ ਬਾਹਰ ਰੱਖੇ ਪੰਘੂੜੇ ਦਾ ਪ੍ਰਤੀਕ ਵਰਤਕੇ ਭਾਰਤੀ ਸਮਾਜ ਦੇ ਵਖੋ ਵੱਖ ਪੱਖਾਂ ਨੂੰ ਉਜਾਗਰ ਕਰਦਾ ਹੈ। ਜਿਥੇ ਬੁਰਜੁਵਾ ਪਦਾਰਥਵਾਦ ਦੀ ਚੜ੍ਹਤ ਹੈ। ਇਕ ਔਰਤ ਸਿਰਫ ਆਰਥਕ ਪ੍ਰਾਪਤੀਆਂ ਲਈ ਹਰਾਮੀ ਬੱਚੇ ਜੰਮਦੀ ਹੈ। ਫਿਰ ਵੀ ਸਮਾਜ ਵਿਚ ਆਪਣਾ ਸਥਾਨ ਬਣਾਈ ਰੱਖਦੀ ਹੈ। ਦੂਜੇ ਪਾਸੇ ਗਰੀਬੀ ਹੈ, ਜਿਸ ਕਾਰਨ ਇਕ ਗਰੀਬ ਮਾਂ ਨੂੰ ਆਪਣੀ ਧੀ ਦੀ ਇਜ਼ਤ ਦੀ ਰਾਖੀ ਲਈ ਹਰਾਮੀ ਬੱਚੇ ਨੂੰ ਪੰਘੂੜੇ ਵਿਚ ਰੱਖਣਾ ਪੈਂਦਾ ਹੈ। ਇਕ ਗਰੀਬ ਪਿਉ ਬੱਚੇ ਨੂੰ ਜਿਉਂਦਾ ਰੱਖਣ ਲਈ ਪੰਘੂੜੇ ਵਿਚ ਪਾਉਂਦਾ ਹੈ। ਹਕੀਕਤ ਵਿਚ ਇਹ ਅੱਜੋਕੇ ਭਾਰਤ ਦੀ ਤਸਵੀਰ ਹੈ। ਜਿਥੇ ਬੁਰਜੁਵਾ ਜਗੀਰੂ ਪਰਸਥਿਤੀਆ ਦੀ ਹੋਂਦ ਨੇ ਲੋਕ ਜੀਵਨ ਨੂੰ ਨਰਕ ਬਣਾ ਰੱਖਿਆ ਹੈ।

ਦੂਜੀ ਕਹਾਣੀ ਹਿੰਦੀ ਦੇ ਪ੍ਰਸਿੱਧ ਲੇਖਕ ਮੂਲ ਪ੍ਰਕਾਸ਼ ਸ਼ਾਂਤ ਦੀ ਹੈ। ਇਹ ਕਹਾਣੀ 'ਪਾਪਾ ਮੈਂ ਹਿੰਦੋਸਤਾਨ ਲਊਂਗਾ' ਵੀ ਸਾਮਰਾਜੀ ਜ਼ਹਿਨੀਅਤ ਵਾਲੀ ਅਫ਼ਸਰਸ਼ਾਹੀ ਦੇ ਕਿਰਦਾਰ ਤੇ ਇਕੋ ਵਿਅੰਗ ਹੈ। ਜਿਸ ਵਿਚ ਇਕ ਵਿਗੜੇ ਬੁਰਜੁਵਾ ਛੋਕਰੇ ਦਾ ਪਰਤੀਕ ਵਰਤ ਕੇ ਅਫ਼ਸਰਸ਼ਾਹੀ ਦੀ ਕਾਰਕਰਦਗੀ ਤੇ ਲੋਕਾਂ ਨਾਲ ਨਫ਼ਰਤ ਦਾ ਪ੍ਰਗਟਾਵਾ ਕੀਤਾ ਗਿਆ ਹੈ। ਇਸ ਦੀਆਂ ਆਖਰੀ ਲਾਈਨਾਂ 'ਉਸ ਸਮੇਂ ਤੋਂ ਹੀ ਹਿੰਦੁਸਤਾਨ ਉਸੇ ਬਰਾਂਡੇ ਵਿਚ ਬੰਨ੍ਹਿਆ ਹੋਇਆ ਹੈ, ਸਾਹਿਬ ਦੀ ਜੂਠ ਖਾਂਦਾ ਤੇ ਸਾਹਿਬ ਦੇ ਬਾਵੇ ਦੇ ਖੇਡਣ ਦੇ ਕੰਮ ਆਉਂਦਾ ਹੈ' ਸਥਿਤੀ ਨੂੰ ਪੂਰਨ ਤੌਰ ਤੇ ਨੰਗਾ ਕਰਦੀਆਂ ਹਨ।

'ਗੁਰੂ ਮੰਤਰ' ਕਹਾਣੀ ਵਿਚ ਭਾਰਤ ਦੇ ਸਰਮਾਏਦਾਰ-ਜਾਗੀਰਦਾਰ ਰਾਜ ਵਿਚ ਮੱਧ ਵਰਗ ਵਿਚੋਂ ਉਠ ਰਹੀ ਨਵੀਂ ਅਫ਼ਸਰਸ਼ਾਹੀ ਦਾ ਵਰਨਣ ਹੈ। ਜਿਸ ਦੀ ਬੁਨਿਆਦ ਝੂਠ, ਦੰਭ ਤੇ ਕੁਰਪਸ਼ਨ ਤੇ ਹੈ। ਇਸ ਦੇ ਨਾਲ ਹੀ ਬੁਰਜੁਵਾ ਤੇ ਪੈਟੀ ਬੁਰਜੁਵਾ ਪਾਰਟੀਆਂ ਦੇ ਰਾਜਨੀਤਕਾਂ ਦਾ ਚਿਹਰਾ ਨੰਗਾ ਕੀਤਾ ਗਿਆ ਹੈ। ਜਿਹੜੇ ਲੋਕਾਂ ਦੀਆਂ ਵੋਟਾਂ ਪ੍ਰਾਪਤ ਕਰਕੇ ਕੁਰੱਪਟ ਅਫ਼ਸਰਸ਼ਾਹੀ ਨਾਲ ਰਲਕੇ ਉਹਨਾਂ ਦਾ ਹੀ ਸੋਸ਼ਨ ਕਰਦੇ ਹਨ।

ਅਹਿਮਦ ਨਦੀਮ ਕਾਸਮੀ ਪਾਕਿਸਤਾਨ ਦਾ ਉਘਾ ਉਰਦੂ ਕਥਾ-ਲੇਖਕ ਹੈ 'ਹੀਰੋਸ਼ੀਮਾ ਤੋਂ ਪਹਿਲਾਂ ਤੇ ਹੀਰੋਸ਼ੀਮਾ ਤੋਂ ਪਿਛੋਂ' ਉਹਦੀ ਬਹੁਤ ਮਸ਼ਹੂਰ ਕਹਾਣੀ ਹੈ, ਜਿਸ ਵਿਚ ਬਹੁਤ ਹੀ ਕਲਾਮਈ ਢੰਗ ਨਾਲ ਜੰਗ ਦੀ ਤਬਾਹੀ ਦਾ ਬਿਆਨ ਕੀਤਾ ਗਿਆ ਹੈ। ਇਹ ਕਹਾਣੀ ਜੰਗ ਵਿਰੁਧ ਤੇ ਅਮਨ ਦੇ ਹੱਕ ਵਿਚ ਬਹੁਤ ਜ਼ੋਰਦਾਰ ਆਵਾਜ਼ ਹੈ। 'ਹਿੰਸਾ ਪਰਮੋ ਧਰਮ' ਉਰਦੂ ਤੇ ਹਿੰਦੀ ਦੇ ਮਹਾਨ ਕਹਾਣੀਕਾਰ ਤੇ ਭਾਰਤ ਵਿਚ ਅੱਗੇ ਵਧੂ ਸਾਹਿਤਕ

ਲਹਿਰ ਦੇ ਮੋਢੀ ਮੁਨਸ਼ੀ ਪ੍ਰੇਮ ਚੰਦ ਦੀ ਬਹੁਤ ਮਸ਼ਹੂਰ ਕਹਾਣੀ ਹੈ। ਜਿਸ ਵਿਚ ਧਰਮਾਂ ਦੇ ਨਾਂ ਤੇ ਹੋਣ ਵਾਲੇ ਜ਼ਬਰ ਤੇ ਗੁਨਾਹਾਂ ਨੂੰ ਨੰਗਾ ਕੀਤਾ ਗਿਆ ਹੈ ਅਤੇ ਇਹਨਾਂ ਨਾਲੋਂ ਮਨੁਖਤਾ ਨੂੰ ਉਚਾ ਦਰਜ਼ਾ ਦਿੱਤਾ ਗਿਆ ਹੈ। ਇਹ ਕਹਾਣੀ ਅਜੋਕੀ ਸਥਿਤੀ ਵਿਚ ਜਦੋਂ ਮਜ਼ਹਬਾਂ ਦੇ ਨਾਂ ਉਤੇ ਮਨੁੱਖਤਾ ਦਾ ਘਾਣ ਹੋ ਰਿਹਾ ਹੈ, ਬਹੁਤ ਢੁਕਵੀਂ ਹੈ।

ਅਨਿਲ ਸ਼ੁਕਲਾ ਦੀ ਕਹਾਣੀ 'ਹੰਮਾਇਤੀ' ਜਿਸ ਉਤੇ ਇਸ ਸੰਗ੍ਰਹਿ ਦਾ ਨਾਂ ਰੱਖਿਆ ਗਿਆ ਹੈ, ਜਮਾਤੀ ਕਿਰਦਾਰ ਤੇ ਜਮਾਤੀ ਸੰਘਰਸ਼ ਦਾ ਬਹੁਤਾਂ ਹੀ ਉਚਤਮ ਤੇ ਕਲਾਮਈ ਵਰਨਣ ਹੈ। ਅਜੋਕੀ ਸਥਿਤੀ ਵਿਚ ਜਮਾਤੀ ਸੰਘਰਸ਼ ਨੂੰ ਸਮਝਣ ਤੇ ਲੜਣ ਲਈ ਜਮਾਤੀ ਕਿਰਦਾਰ ਨੂੰ ਸੰਮਝਣਾ ਬਹੁਤ ਜ਼ਰੂਰੀ ਹੈ। ਇਸ ਲਈ ਪਾਠਕਾਂ ਨੂੰ ਇਸ ਕਹਾਣੀ ਨੂੰ ਵਾਰ ਵਾਰ ਪੜ੍ਹਨਾ ਚਾਹੀਦਾ ਹੈ। ਜਮਾਤੀ ਸੰਘਰਸ਼ ਵਿਚ ਜਿੰਨਾ ਚਿਰ ਮਜ਼ਦੂਰ ਜਮਾਤ ਚੇਤੰਨ ਹੋ ਕੇ ਆਗੂ ਨਹੀਂ ਬਣਦੀ, ਓਨਾ ਚਿਰ ਦੂਜੀਆਂ ਜਮਾਤਾਂ ਜਮਾਤੀ ਸੰਘਰਸ਼ ਨਹੀਂ ਲੜ ਸਕਦੀਆਂ। ਇਸ ਲਈ ਜ਼ਰੂਰੀ ਹੈ ਕਿ ਮਜ਼ਦੂਰ ਜਮਾਤ ਨੂੰ ਚੇਤੰਨ ਤੇ ਜਥੇਬੰਦ ਕੀਤਾ ਜਾਵੇ।

'ਟੋਪਚੂ' ਦੇ ਪ੍ਰਤੀਕ ਰਾਹੀਂ ਉਦੈ ਪ੍ਰਕਾਸ਼ ਮਜ਼ਦੂਰ ਜਮਾਤ ਦੀ ਨਿਰਬਲਤਾ ਤੇ ਸ਼ਕਤੀ ਦਾ ਵਰਨਣ ਕਰਦਾ ਹੈ। ਟੋਪਚੂ ਸਮੁੱਚੀ ਮਜ਼ਦੂਰ ਜਮਾਤ ਦਾ ਪ੍ਰਤੀਨਿਧ ਹੈ। ਇਹ ਜਬਰ ਦੀ ਸ਼ਿਕਾਰ ਹੈ, ਲੁੱਟੀ ਜਾਂਦੀ ਹੈ ਪਰੰਤੂ ਫਿਰ ਵੀ ਅਜਿਤ ਤੇ ਅਮਰ ਹੈ। ਆਖਰੀ ਕਹਾਣੀ ਪ੍ਰਸਿੱਧ ਹਿੰਦੀ ਲੇਖਕ ਤੇ ਪ੍ਰਸਿੱਧ ਸਿਨਮਾ ਕਲਾਕਾਰ ਬਲਰਾਜ ਸਾਹਨੀ ਦੇ ਛੋਟੇ ਭਰਾ ਭੀਸ਼ਮ ਸ਼ਾਹਨੀ ਦੀ 'ਅੰਮ੍ਰਿਤਸਰ ਆ ਗਿਆ ਹੈ' ਹੈ। ਇਸ ਵਿਚ ਲੇਖਕ ਨੇ 1947 ਦੀ ਵੰਡ ਸਮੇਂ ਦੀ ਸਥਿਤੀ ਦਾ ਬਿਆਨ ਕੀਤਾ ਹੈ। ਲੇਖਕ ਆਮ ਲੋਕਾਂ ਦੀ ਮਾਨਸਿਕਤਾ ਦਾ ਬਿਆਨ ਕਰਨ ਵਿਚ ਪੂਰੀ ਤਰ੍ਹਾਂ ਸਫ਼ਲ ਰਿਹਾ ਹੈ।

ਇਸ ਤਰ੍ਹਾਂ 'ਹਮ ਇਤੀ' ਜਿੱਥੇ ਲੋਕ ਪੱਖੀ ਸਾਹਿਤ ਦੀ ਇਕ ਅਨਮੋਲ ਦੇਣ ਹੈ, ਉਥੇ ਸਮਾਜਕ ਤੇ ਰਾਜਸੀ ਪਰਸਥਿਤੀਆਂ ਦੇ ਵਰਨਣ ਦੀ ਅਹਿਮ ਦਸਤਾਵੇਜ਼ ਹੈ। ਸੰਪਾਦਕ ਗੁਰਬਖਸ਼ ਜੱਸ ਤੇ ਪਲਸ ਮੰਚ ਦੋਨੋਂ ਇਸ ਪ੍ਰਾਪਤੀ ਲਈ ਵਧਾਈ ਦੇ ਹੱਕਦਾਰ ਹਨ। ਜੱਸ ਕਿਰਤੀ ਵਰਗ ਦੇ ਹੱਕ ਵਿਚ ਇਕ ਬੁਧੀਜੀਵੀ ਵਲੋਂ ਨਿਖਰ ਰਿਹਾ ਹੈ। ਮੇਰੀ ਤਮੰਨਾ ਹੈ ਕਿ ਉਹ ਇਸ ਰਾਹੇ ਅੱਗੇ ਵਧਦਾ ਜਾਵੇ।

ਪੁਸਤਕ ਛਪਾਈ ਤੇ ਦਿੱਖ ਪੱਖੋਂ ਚੰਗੀ ਹੈ। ਮੁੱਲ ਵੀ ਸਧਾਰਨ ਪਾਠਕ ਦੀ ਪਹੁੰਚ ਦਾ ਹੀ ਰਖਿਆ ਗਿਆ ਹੈ। ਕਹਾਣੀਆਂ ਦੇ ਉਲਥੇ ਬਹੁਤ ਵਧੀਆ ਹਨ। ਜਿਨ੍ਹਾਂ ਤੋਂ ਨਿਰੋਲ ਪੰਜਾਬੀ ਦੀਆਂ ਕਹਾਣੀਆਂ ਹੋਣ ਦਾ ਭੁਲੇਖਾ ਪੈਂਦਾ ਹੈ। ਬੋਲੀ ਸਾਦਾ ਤੇ ਸਰਲ ਵਰਤੀ ਗਈ ਹੈ। ਜਿਹੜੀ ਵਿਸ਼ੇ ਦੀ ਪੇਸ਼ਕਾਰੀ ਲਈ ਬਹੁਤ ਢੁਕਵੀਂ ਹੈ।

ਸੁਰਜੀਤ ਗਿੱਲ

---

## ਇਕ ਖ਼ਤ

ਸਮਤਾ ਦਾ ਦਸੰਬਰ, 85 ਅੰਕ ਪੜ੍ਹਿਆ। ਬੜੀ ਖੁਸ਼ੀ ਵਾਲੀ ਗੱਲ ਹੈ ਕਿ ਸਮਤਾ ਨੇ ਇਸ ਅੰਕ ਵਿਚ ਪੜ੍ਹਨ ਤੇ ਵਿਚਾਰਨ ਯੋਗ ਸਾਮੱਗਰੀ ਪ੍ਰਸਤੁਤ ਕੀਤੀ ਹੈ। ਜੋ ਬਹਿਸ ਸਾਹਿਤ ਤੇ ਅਤੇ ਕਵਿਤਾ ਤੇ ਹੋਣੀ ਲੋੜੀਦੀ ਹੈ, ਉਹ ਸਭ ਕੁਝ ਬਾਖੂਬੀ ਹਾਜ਼ਰ ਹੈ। ਪ੍ਰਸਤੁਤ ਕਵਿਤਾਵਾਂ ਕਾਲ-ਮੁਕਤ ਰਚਨਾਵਾਂ ਹਨ, ਜੋ ਪਹਿਲੇ ਸਮਿਆਂ ਵਿਚ ਵੀ ਸੋਨੇ ਵਰਗੀ ਭਾਅ ਮਾਰਦੀਆਂ ਸਨ ਤੇ ਅੱਜ ਵੀ ਮਾਰ ਰਹੀਆਂ ਨੇ। ਮਤਲਬ ਕਿ ਉਹ ਸਹੀ ਕਵਿਤਾਵਾਂ ਹਨ। ਜ਼ਿੰਦਗੀ ਦੀ ਰਾੜ੍ਹ ਦੀ ਹੱਡੀ ਵਿਚੋਂ ਲੰਘਦੀਆਂ ਹਨ। ਜ਼ਿੰਦਗੀ ਨਾਲ ਅਰਥ ਬੱਝੇ ਹੋਏ ਹਨ ਤੇ ਅਰਥਾਂ ਨਾਲ ਕਵਿਤਾਵਾਂ ਬੱਝੀਆਂ ਹੋਈਆਂ ਹਨ। ਬਿਨਾਂ ਕਿਸੇ ਅਰਥ ਤੋਂ ਕਵਿਤਾ (Absurd) ਹੋ ਜਾਂਦੀ ਹੈ। ਭਾਵੇਂ ਕਿ ਆਪਣੇ ਆਪ ਨੂੰ ਅਤਿ-ਆਧੁਨਿਕ ਕਵੀ ਅਖਵਾਉਣ ਦੇ ਲਾਲਚ ਵੱਧ ਪੰਜਾਬੀ ਵਿਚ ਵੀ ਅਜੇਹੀ ਕਵਿਤਾ ਲਿਖੀ ਜਾਂ ਰਹੀ ਹੈ ਜੋ (Absurd) ਹੈ। ਪਰ ਲਿਖੀ ਜਾ ਰਹੀ ਹੈ, ਕਿਉਂਕਿ ਆਧੁਨਿਕਤਾ ਦੇ ਨਾਂ ਹੇਠ ਕੀ ਨਹੀਂ ਹੋ ਰਿਹਾ?

ਇਕ ਅਜੇਹਾ ਸ਼ਬਦ ਹੈ 'ਆਧੁਨਿਕਤਾ' ਜਿੱਥੇ ਜਾਕੇ ਸਾਡੀ ਸਮੁੱਚੀ ਕਵਿਤਾ ਨੂੰ ਪ੍ਰਸ਼ਨ ਚਿੰਨ੍ਹ ਲੱਗ ਜਾਂਦਾ ਹੈ।

ਆਧੁਨਿਕਤਾ ਦੇ ਨਾਂ ਹੇਠ ਰਚੀ ਗਈ ਕਵਿਤਾ ਤਦ ਹੀ ਸਾਰਥਕ ਹੈ ਜੇ ਉਹ ਜ਼ਿੰਦਗੀ ਨਾਲ ਵਰ-ਮੇਚਦੀ ਹੋਵੇ। ਜ਼ਿੰਦਗੀ ਦੇ ਮੁਹਾਂਦਰੇ ਨੂੰ ਸੰਵਾਰਨ, ਦੇਖਣ ਤੇ ਪਰਖਣ ਵੱਲ ਰੁਚਿਤ ਹੋਵੇ। ਫੇਰ ਸਵਾਲ ਪੈਦਾ ਹੁੰਦਾ ਹੈ ਕਿ ਅੰਨ੍ਹੇ ਘੋੜਿਆਂ ਦੇ ਮਗਰ ਗਏ ਕਵੀ ਕਿੱਥੇ ਜਾਣ? ਨਾ ਕਾਲੇ ਘੋੜੇ ਪਰਤਦੇ ਹਨ ਤੇ ਨਾ ਕਵਿਤਾ ਵਾਪਸ ਆਉਂਦੀ ਹੈ। ਸਿਰਫ਼ ਸ਼ਬਦਾਂ ਦੀ ਪੈੜ-ਚਾਪ ਸੁਣਦੀ ਹੈ ਜਿਸਦੇ ਕੋਈ ਅਰਥ ਨਹੀਂ।

ਹਿੰਦੀ ਕਵਿਤਾ ਤੇ ਸਾਹਿਤ ਬਾਰੇ ਲਿਖਿਆ ਗਿਆ ਡਾ. ਚਮਨ ਲਾਲ ਜੀ ਦਾ ਪਰਚਾ ਪ੍ਰਸੰਸਾ ਯੋਗ ਹੈ। ਉਹਨਾਂ ਨੇ ਹਿੰਦੀ ਕਵਿਤਾ (ਸਮੁੱਚੀ ਨਹੀਂ) ਸਿਰਫ਼ ਪ੍ਰਗਤੀਸ਼ੀਲ ਬਾਰੇ ਜ਼ਿਕਰ ਕੀਤਾ ਹੈ ਤੇ ਉਭਰ ਕੇ ਸਾਹਮਣੇ ਕੁਝ ਨਾਂ ਆ ਗਏ। ਜਿਵੇਂ ਨਾਗਾਰੁਜਨ, ਮੁਕਤੀ ਬੋਧ, ਧੂਮਿਲ, ਗੋਰਖ ਪਾਂਡੇ ਅਤੇ ਕੁਮਾਰ ਵਿਕਲ। ਕਿਉਂ-ਕਿ ਹਿੰਦੀ ਸਾਹਿਤ ਤੇ ਹਿੰਦੀ ਕਵਿਤਾ ਦਾ ਕੈਨਵਸ ਵੱਡਾ ਹੈ। ਏਸ ਲਈ ਡਾ. ਚਮਨ ਲਾਲ ਜੀ ਨੇ ਸੰਖੇਪਤਾ ਵਿਚ ਹੀ ਭਲੀ ਸਮਝੀ ਹੈ ਤੇ ਸੰਖੇਪਤਾ ਵਿੱਚ ਹੀ ਹਿੰਦੀ ਸਾਹਿਤ ਤੇ ਕਵਿਤਾ ਦਾ ਬਣਦਾ ਜ਼ਿਕਰ ਕਰ ਦਿੱਤਾ ਹੈ।

Regd. with Registrar, News Papers, Vide No. MA/12397-D dated 18.4.80
Post Office No. P/AR—133

ਕਿੰਨਾ ਚੰਗਾ ਹੁੰਦਾ ਜੇਕਰ ਡਾ. ਚਮਨ ਲਾਲ ਆਪਣੇ ਇਸ ਪਰਚੇ ਨੂੰ ਹੋਰ ਵਿਸਥਾਰ ਦੇ ਕੇ ਹਿੰਦੀ ਦੀ ਸਮੁੱਚੀ ਪ੍ਰਗਤੀਸ਼ੀਲ ਤੇ ਬੇਹਤਰ ਕਵਿਤਾ ਨੂੰ ਪੂਰੀ ਤਰ੍ਹਾਂ ਪੇਸ਼ ਕਰਦੇ । ਇਸੇ ਪ੍ਰਸੰਗ ਵਿਚ ਮੈਂ ਹਿੰਦੀ ਕਵੀ ਕੇਦਾਰ ਨਾਥ ਸਿੰਘ ਦੀ ਕਵਿਤਾ ਦਾ ਕੁਝ ਭਾਗ ਪੇਸ਼ ਕਰਦਾ ਹਾਂ, ਜੋ ਕਲਾਤਮਕ ਵੀ ਹੈ ਤੇ ਸਾਰਥਕ ਵੀ ਹੈ ਤੇ ਕਵਿਤਾ ਹੋਣ ਦਾ ਮੁਕੰਮਲ ਸਬੂਤ ਵੀ ਹੈ :

ਠੰਢ ਸੇ ਨਹੀਂ ਮਰਤੇ ਸ਼ਬਦ
ਵੋ ਮਰ ਜਾਤੇ ਹੈਂ ਸਾਹਸ ਕੀ ਕਮੀ ਸੇ
ਕਈ ਬਾਰ ਮੌਸਮ ਕੀ ਨਮੀ ਸੇ
ਮਰ ਜਾਤੇ ਹੈਂ ਸ਼ਬਦ
ਮੁਝੇ ਏਕ ਬਾਰ
ਏਕ ਖੂਬ ਲਾਲ ਪਕਸ਼ੀ ਜੈਸਾ ਸ਼ਬਦ
ਮਿਲ ਗਯਾ ਥਾ ਗਾਂਵ ਕੇ ਕਛਾਰ ਮੇਂ
ਮੈਂ ਉਸ ਲੇ ਗਯਾ ਘਰ
ਪਰ ਜਯੋਂ ਹੀ ਵਹ ਪਹੁੰਚਾ ਚੌਖਟ ਕੇ ਪਾਸ
ਉਸ ਨੇ ਮੁਝੇ ਏਕ ਬਾਰ -
ਇਸ ਅਜਬ ਸੀ ਕਾਤਰ ਦ੍ਰਿਸ਼ਟੀ ਸੇ ਦੇਖਾ
ਔਰ ਤੋੜ ਦੀਯਾ ਦਮ
ਤਬ ਸੇ ਮੈਂ ਡਰਨੇ ਲਗਾ ਸ਼ਬਦੋਂ ਸੇ
ਮਿਲਨੇ ਪਰ ਅਕਸਰ ਕਾਟ ਲੇਤਾ ਥਾ ਕੰਨੀ
ਕਈ ਬਾਰ ਮੈਂ ਮੂੰਦ ਲੇਤਾ ਥਾ ਆਂਖ
ਜਬ ਦੇਖਤਾ ਥਾ ਕੋਈ ਚਟਖ਼ ਰੰਗੋਂ ਵਾਲਾ
ਰੋਏਂਦਾਰ ਸ਼ਬਦ ਬੜਾ ਆ ਰਹਾ ਹੈ ਮੇਰੀ ਤਰਫ਼
ਫਿਰ ਧੀਰੇ ਧੀਰੇ ਇਸ ਖੇਲ ਮੇਂ
ਮੁਝੇ ਆਨੇ ਲਗਾ ਮਜ਼ਾ
ਏਕ ਦਿਨ ਮੈਂਨੇ ਬਿਲਕਲ ਅਕਾਰਣ
ਏਕ ਖੂਬਸੂਰਤ ਸ਼ਬਦ ਕੋ ਦੇ ਮਾਰਾ ਪੱਥਰ
ਜਬ ਵਹ ਧਾਨ ਕੇ ਪੁਆਲ ਮੇਂ
ਸਾਂਪ ਕੀ ਤਰ੍ਹਾਂ ਦੁਬਕਾ ਥਾ
ਉਸ ਕੀ ਸੁੰਦਰ ਚਮਕਤੀ ਹੁਈ ਆਂਖੇ
ਮੁਝੇ ਅਬ ਤਕ ਯਾਦ ਹੈਂ ।

ਮੇਰਾ ਮਤਲਬ, ਕੇਦਾਰ ਨਾਥ ਸਿੰਘ ਦੀ ਕਵਿਤਾ ਦਾ ਜ਼ਿਕਰ ਕਿੰਨਾ ਖੂਬਸੂਰਤ ਹੈ । ਏਸੇ ਤਰ੍ਹਾਂ ਇਕ ਹੋਰ ਹਿੰਦੀ ਕਵੀ ਚੰਦਰਕਾਂਤ ਦੇਵਤਾਲੇ ਵੀ ਰਹਿ ਗਿਆ ਹੈ ਜ਼ਿਕਰ ਹੋਣ ਤੋਂ ਬਿਨਾਂ । ਉਸਦਾ ਜ਼ਿਕਰ ਵੀ ਓਨਾਂ ਹੀ ਜ਼ਰੂਰੀ ਸੀ, ਜਿੰਨੀ ਕਿ ਉਸਦੀ ਕਵਿਤਾ ।

ਸਤਿੰਦਰ ਸਿੰਘ ਨੂਰ ਜੀ ਦਾ ਜੁਝਾਰ ਕਵਿਤਾ ਨਾਲ ਸਬੰਧਤ ਮਸਲੇ ਨਜਿੱਠਣ ਦਾ ਉਪਰਾਲਾ ਸ਼ਲਾਘਾ-ਯੋਗ ਹੈ । ਜਿੰਨਾ ਕੁ ਜੁਝਾਰ ਕਵਿਤਾ ਦਾ ਜ਼ਿਕਰ ਬਣਦਾ ਹੈ, ਉਹਨਾਂ ਕੀਤਾ ਵੀ ਹੈ । ਉਹ ਕਲਾਤਮਕ ਕਵਿਤਾ ਜੋ ਜੁਝਾਰੂ ਵੀ ਹੈ ਤੇ ਵਿਸ਼ਵ-ਵਿਆਪੀ ਵੀ, ਉਸਨੂੰ ਆਪਣੇ ਪਰਚੇ ਦਾ ਵਿਸ਼ਾ ਬਾਖੂਬੀ ਬਣਾ ਸਕੇ ਹਨ ।

ਕਿੰਨਾ ਚੰਗਾ ਹੋਵੇ ਜੇਕਰ ਸਮਤਾ ਸਾਹਿਤਕ ਸਾਮੱਗਰੀ ਏਸ ਤਰ੍ਹਾਂ ਹੀ ਪੇਸ਼ ਕਰਿਆ ਕਰੇ ।

—ਅਜੀਤ ਸਿੰਘ ਚੰਦਨ (ਲੁਧਿਆਣਾ)

---

**ਪੰਜਾਬ ਲੋਕ ਸੱਭਿਆਚਾਰਕ ਮੰਚ ਦਾ ਸਾਲਾਨਾ ਸਮਾਗਮ ਦੇਸ਼ ਭਗਤ ਹਾਲ ਜਲੰਧਰ ਵਿਖੇ ਸ਼ਨੀਚਰਵਾਰ 25 ਜਨਵਰੀ 1986 ਸ਼ਾਮ 5 ਵਜੇ ਤੋਂ ਸ਼ੁਰੂ ਹੋ ਕੇ 26 ਜਨਵਰੀ 1986 ਸਵੇਰੇ 6 ਵਜੇ ਤਕ ਚਲੇਗਾ ।**

ਇਹ ਪ੍ਰੋਗਰਾਮ ਲਗਾਤਾਰ 13 ਘੰਟੇ ਚਲੇਗਾ । ਵਿਚ ਕੋਈ ਇੰਟਰਵਲ ਨਹੀਂ ਹੋਵੇਗਾ । ਰੋਟੀ ਪਾਣੀ ਦਾ ਇੰਤਜ਼ਾਮ ਦਰਸ਼ਕਾਂ ਦਾ ਅਪਣਾ ਹੋਵੇਗਾ । ਹਾਲ ਦੇ ਬਾਹਰ ਚਾਹ ਲਈ ਸਟਾਲ ਜ਼ਰੂਰ ਲਗਾਇਆ ਜਾਏਗਾ ।

o **ਪਲਸ ਮੰਚ ਦੀਆਂ ਅੱਠ ਟੀਮਾਂ** ਅਪਣੇ ਨਵੇਂ ਨਾਟਕ ਇਸ ਸਮਾਗਮ ਤੇ ਕਰਨਗੀਆਂ । ਗੀਤ-ਨਾਟ ਅਤੇ ਐਕਸ਼ਨ ਗੀਤ ਹੋਣਗੇ । ਵੱਖਰਾ ਕਵੀ ਦਰਬਾਰ ਨਹੀਂ ਹੋਵੇਗਾ ਪਰ ਚੋਣਵੇਂ ਕਵੀ ਪ੍ਰੋਗਰਾਮ ਵਿਚ ਅਪਣਾ ਅਪਣਾ ਕਲਾਮ ਪੇਸ਼ ਕਰਨਗੇ ।

o ਦਿੱਲੀ ਦੀ ਪਰਸਿੱਧ ਅਵਾਮੀ ਨਾਟਕ ਮੰਡਲੀ 'ਨਿਸ਼ਾਂਤ' ਇਸ ਪ੍ਰੋਗਰਾਮ ਵਿਚ ਅਪਣੇ ਨਾਟਕ ਅਤੇ ਗੀਤ ਪੇਸ਼ ਕਰੇਗੀ ।

o ਆਂਧਰਾ ਦੀ **ਪ੍ਰਸਿੱਧ ਜਨ ਨਾਟਕ ਮੰਡਲੀ,** ਜਿਸ ਵਿਚ ਦੇਸ਼ ਪ੍ਰਸਿੱਧ ਕਲਾਕਾਰ **ਗਦਰ** ਅਤੇ **ਸੰਜੀਵ** ਸ਼ਾਮਿਲ ਹਨ, ਇਸ ਸਮਾਗਮ ਵਿਚ ਹਿੱਸਾ ਲੈਣ ਆ ਰਹੇ ਹਨ । ਉਹ ਉਰਦੂ ਜ਼ਬਾਨ ਵਿਚ ਅਪਣਾ ਪ੍ਰੋਗਰਾਮ ਪੇਸ਼ ਕਰਨਗੇ । ਇਸ ਸਮਾਗਮ ਲਈ ਸਮੂਹ ਲੋਕਾਂ ਨੂੰ ਸੱਦਾ ਹੈ ।

ਸਥਜਿੰਦਰ ਕੇਦਾਰ
ਜ. ਸਕੱਤਰ ਪਲਸ ਮੰਚ

ਗੁਰਸ਼ਰਨ ਸਿੰਘ
ਪ੍ਰਧਾਨ ਪਲਸ ਮੰਚ

ਨੋਟ : ਸਮਾਗਮ ਲਈ ਕੋਈ ਵੱਖਰਾ ਸੱਦਾ ਪੱਤ੍ਰ ਨਹੀਂ ਭੇਜਿਆ ਜਾਏਗਾ । ਇਸ ਸੂਚਨਾ ਨੂੰ ਸੱਦਾ ਪੱਤ੍ਰ ਸਮਝਿਆ ਜਾਏ ।